# ਦੇਸ਼ ਦੁਆਬਾ

VOL -2 ISSUE - 15

November 01-15, 2013

www.deshdoaba.com

www.ambedkartimes.com


ਗਦਰ ਲਹਿਰ ਤੋਂ ਵੀ ਪਹਿਲਾਂ ਕੈਨੇਡਾ ਦੀ ਧਰਤੀ ਤੋਂ ਜਨਵਰੀ 1910 ਈਸਵੀ ਵਿਚ ਜੀ. ਡੀ. ਕੁਮਾਰ ਨਾਲ ਮਿਲ ਕੇ ''ਸਵਦੇਸ਼ ਸੇਵਕ'' ਨਾਂ ਦਾ ਪਰਚਾ ਸ਼ੁਰੂ ਕਰਨ ਵਾਲੇ ਮਹਾਨ ਗਦਰੀ ਬਾਬਾ ਬਾਬੂ ਹਰਨਾਮ ਸਿੰਘ ਸਾਹਰੀ ਵਾਲੇ ਜੀ, ਜੋ ਵਿਦੇਸ਼ੀ ਧਰਤੀ ਤੇ ਹੀ ਸੁਤੰਤਰਤਾ ਦੀ ਜੰਗ ਲੜਦਿਆਂ 14 ਨਵੰਬਰ 1916 ਨੂੰ ਸ਼ਹਾਦਤ ਦਾ ਜਾਮ ਪੀ ਗਏ ਸਨ, ਨੂੰ ਅਦਾਰਾ ''ਦੇਸ਼ ਦੁਆਬਾ'' ਬੜੇ ਹੀ ਸਤਿਕਾਰ ਸਹਿਤ ਸਮੂਹ ਗਦਰੀ ਬਾਬਿਆਂ ਨੂੰ ਗਦਰ ਲਹਿਰ ਦੇ ਸ਼ਤਾਬਦੀ ਵਰੇ ਤੇ ਸ਼ਰਧਾਂਜਲੀ ਭੇਂਟ ਕਰਦਾ ਹੈ।




ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 510-219-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


# ਔਰਤਾਂ ਵਿਰੁੱਧ ਹਿੰਸਾ ਦੇ ਹੱਲ ਲਈ ਸਮਾਜਿਕ ਤਬਦੀਲੀ, ਸਮੇਂ ਦੀ ਲੋੜ

## ਔਰਤ ਜਾਤੀ ਦੀ ਮੁਕਤੀ ਦਾ ਦਿੱਤਾ ਹੋਕਾ, ਚਾਰਲੀ ਚੈਪਲਿਨ ਦੀ ਫ਼ਿਲਮ 'ਦਿ ਇੰਮੀਗ੍ਰੈਂਟ' (1917) ਨੇ ਛੇੜੀ ਸਮਾਜਿਕ ਮੁੱਦਿਆਂ ਦੀ ਗੱਲ

ਯੁਗਾਂਤਰ ਆਸ਼ਰਮ, ਜਲੰਧਰ- ''ਔਰਤ ਵਿਰੁੱਧ ਹਿੰਸਾ ਰੋਕਣ ਲਈ ਮਰਦਾਂ ਨੂੰ ਵੀ ਕਦਮ ਨਾਲ਼ ਕਦਮ ਮਿਲਾਉਣਾ ਪਵੇਗਾ''। ਇਹ ਨੁਕਤਾ ਗ਼ਦਰ ਸ਼ਤਾਬਦੀ ਮੇਲੇ ਦੇ ਤੀਜੇ ਦਿਨ ਹੋਏ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ ਦੌਰਾਨ ਉਭਰ ਕੇ ਸਾਹਮਣੇ ਆਇਆ। ਇਸ ਤੋਂ ਪਹਿਲਾਂ ਗ਼ਦਰ ਸ਼ਤਾਬਦੀ ਮੇਲੇ ਦੇ ਤੀਜੇ ਦਿਨ ਦਾ ਆਗਾਜ਼ ਯੁਗਾਂਤਰ ਆਸ਼ਰਮ ਦੇ ਬਾਬਾ ਜਵਾਲਾ ਸਿੰਘ ਆਡੀਟੋਰੀਅਮ 'ਚ ਪੰਜਾਬ ਸਮੇਤ ਹੋਰਨਾਂ ਸੂਬਿਆਂ ਦੇ ਵਿਦਿਆਰਥੀਆਂ ਦੇ ਭਖਵੇਂ ਭਾਸ਼ਣਾਂ ਨਾਲ ਹੋਇਆ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੱਭਿਆਚਾਰਕ ਵਿੰਗ ਅਤੇ ਮੀਡੀਆ ਕਮੇਟੀ ਦੇ ਕਨਵੀਨਰ ਅਮੋਲਕ ਸਿੰਘ ਨੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਦਸਿਆ ਕਿ ਅੱਜ ਦੇ ਭਾਸ਼ਣ ਮੁਕਾਬਲੇ ਅਤੇ ਸੈਮੀਨਾਰ ਦੌਰਾਨ ਔਰਤ ਵਰਗ ਦੀ ਮੂਲੋਂ ਮੁਕਤੀ ਦਾ ਮੁੱਦਾ ਵਿਚਾਰ ਚਰਚਾ ਦਾ ਕੇਂਦਰੀ ਨੁਕਤਾ ਰਿਹਾ।

'ਅਜੋਕੀ ਸਮਾਜਕ ਸਥਿਤੀ ਤੇ ਔਰਤ ਵਿਰੁੱਧ ਹਿੰਸਾ' ਵਿਸ਼ੇ ਨਾਲ ਸਬੰਧੰਤ ਭਾਸ਼ਣ ਮੁਕਾਬਲੇ 'ਚ ਵਿਦਿਆਰਥੀਆਂ ਨੇ ਜਿੱਥੇ ਔਰਤ ਜਾਤੀ ਖਿਲਾਫ ਹਿੰਸਾ ਦਾ ਪੜਚੋਲਵੇਂ ਤਰੀਕਿਆਂ ਨਾਲ ਜ਼ਿਕਰ ਕੀਤਾ, ਉਥੇ ਔਰਤ ਦੀ ਬੰਦ ਖੁਲਾਸੀ ਲਈ ਸਮਾਜ ਦੇ ਸਾਰੇ ਵਰਗਾਂ ਨੂੰ ਸਾਂਝੇ





ਸੰਘਰਸ਼ ਦਾ ਸੱਦਾ ਦਿੱਤਾ।

ਭਾਸ਼ਣ ਮੁਕਾਬਲੇ ਦੌਰਾਨ ਜਿੱਥੇ ਸੂਬੇ ਦੇ ਵੱਖ-ਵੱਖ ਕੋਨਿਆਂ 'ਚੋਂ ਹਿੱਸਾ ਲੈਣ ਆਈਆਂ ਲੜਕੀਆਂ ਨੇ ਅਜੋਕੇ ਸਮੇਂ 'ਚ ਔਰਤਾਂ ਦੀ ਸੂਰਤੇਹਾਲ ਦਾ ਜ਼ਿਕਰ ਕਰਦਿਆਂ ਮੁਕਤੀ ਲਈ ਮਰਦਾਂ ਨੂੰ ਹਿੱਸਾ ਪਾਉਣ ਦੀ ਵੰਗਾਰ ਪਾਈ, ਉਥੇ ਲੜਕਿਆਂ ਨੇ ਵੀ ਇਸ ਦੀ ਹਾਂ 'ਚ ਹਾਂ ਮਿਲਾਉਂਦਿਆਂਔਰਤ ਮੁਕਤੀ ਸੰਘਰਸ਼ ਲਈ ਰਲਵੇਂ ਹੰਭਲੇ ਦੀ ਪ੍ਰੋੜ੍ਹਤਾ ਕੀਤੀ। ਭਾਸ਼ਣ ਮੁਕਾਬਲੇ 'ਚ ਹਿੱਸਾ ਲੈਂਦਿਆਂ ਸਤਵੀਰ ਕੌਰ ਕਾਲਾ ਸੰਘਿਆ ਨੇ ਕਿਹਾ, ''ਖਾਪ ਪੰਚਾਇਤਾਂ ਦਾ ਰੂੜ੍ਹੀਵਾਦੀ ਨਜ਼ਰੀਆ ਹੀ ਔਰਤ ਵਿਰੁੱਧ ਹਿੰਸਾ ਦਾ ਪ੍ਰਮੁੱਖ ਕਾਰਨ ਹੈ।'' ਮੇਰਠ ਤੋਂ ਆਏ ਨੌਜੁਆਨ ਫਰਿਆਦ ਖ਼ਾਨ ਦਾ ਕਹਿਣਾ ਸੀ ਕਿ ''ਔਰਤ ਵਿਰੁੱਧ ਹਿੰਸਾ ਰੋਕਣ ਲਈ ਮਰਦਾਂ ਨੂੰ ਵੀ ਕਦਮ ਨਾਲ਼ ਕਦਮ ਮਿਲਾਉਣਾ ਪਵੇਗਾ।'' ਇਸੇ ਤਰ੍ਹਾਂ ਕਮਲਦੀਪ ਸਿੰਘ ਨੇ ਕਿਹਾ, ''ਔਰਤ ਵਿਰੁੱਧ ਹਿੰਸਾ ਲਈ ਮੌਜੂਦਾ ਪ੍ਰਬੰਧ ਜ਼ੁੰਮੇਵਾਰ ਹੈ ਉਸ ਨੂੰ ਬਦਲਣ ਲਈ ਯਤਨਸ਼ੀਲ ਹੋਣਾ ਪਵੇਗਾ।'' ਇਸੇ ਤਰ੍ਹਾਂ ਸਮਾਲੀ ਨੇ ਕਿਹਾ, ''ਲੜਕੀਆਂ ਨੂੰ ਆਪਣੀ ਰੱਖਿਆ ਲਈ ਜੂਡੋ ਤੇ ਮਾਰਸ਼ਲ ਆਰਟ ਸਿੱਖਣਾ ਪਵੇਗਾ।'' ਤਮੰਨਾ ਨੇ


(ਬਾਕੀ ਸਫਾ 4 ਤੇ)


## ਯੂਬਾ ਸਿਟੀ ਵਿਖੇ ਸਾਲਨਾ ਨਗਰ ਕੀਰਤਨ 3 ਨਵੰਬਰ ਨੂੰ




ਹਰ ਸਾਲ ਵਾਂਗ ਇਸ ਸਾਲ ਵੀ ਗੁਰਦੁਆਰਾ ਸਿੱਖ ਟੈਂਪਲ ਟਾਇਰਾ ਬੁਆਇਨਾ ਯੂਬਾ ਸਿਟੀ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਤਾਗੱਦੀ ਦਿਵਸ ਨੂੰ ਸਮਰਪਿਤ 34ਵਾਂ ਮਹਾਨ ਨਗਰ ਕੀਰਤਨ 3 ਨਵੰਬਰ ਦਿਨ ਐਤਵਾਰ ਨੂੰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

ਇਸ ਮੌਕੇ ਦੇਸ਼, ਵਿਦੇਸ਼ ਵਿਚ ਵੱਸਦੀਆਂ ਸਮੂਹ ਨਾਨਕ ਨਾਮ ਲੇਵਾ ਸਾਧ ਸੰਗਤਾਂ ਸ਼ਮੂਲੀਅਤ ਕਰਨਗੀਆਂ। **ਅਦਾਰਾ ''ਦੇਸ਼ ਦੁਆਬਾ'' ਆਪਣੇ ਮਾਣਯੋਗ ਪਾਠਕਾਂ ਤੇ ਸਮੂਹ ਸਾਧ ਸੰਗਤ ਨੂੰ ਨਗਰ ਕੀਰਤਨ ਦੀ ਲੱਖ ਲੱਖ ਵਧਾਈ ਦਿੰਦਾ ਹੈ।**

## ਸ. ਤਰਨਜੀਤ ਸਿੰਘ ਸੰਧੂ, ਡਿਪਟੀ ਚੀਫ ਆਫ ਮਿਸ਼ਨ ਭਾਰਤੀ ਸਫਾਰਤਖਾਨਾ ਵਾਸ਼ਿੰਗਟਨ ਯੂਬਾ ਸਿਟੀ ਪਹੁੰਚੇ

ਯੂਬਾ ਸਿਟੀ (ਕੈਲੀਫੋਰਨੀਆ)- ਅਮਰੀਕਾ ਵਿਚ ਰਹਿਦ ਵਾਲੇ ਭਾਰਤੀ ਮੂਲ ਦੇ ਲੋਕਾਂ ਨੇ ਜਿਸ ਤਰ੍ਹਾਂ ਆਪਣੀ ਇਮਾਨਦਾਰੀ ਅਤੇ ਅਣਥੱਕ ਮਿਹਨਤ ਨਾਲ ਹਰ ਖੇਤਰ ਵਿਚ ਸ਼ਾਨਦਾਰ ਮੱਲਾਂ ਮਾਰੀਆਂ ਹਨ, ਉਹਨਾਂ ਨੂੰ ਦੇਖ ਕੇ ਹਰ ਦੇਸ਼ ਵਾਸੀ ਦਾ ਸਿਰ ਮਾਣ ਨਾਲ ਉਚਾ ਹੁੰਦਾ ਹੈ। ਇਹ ਗੱਲ ਸਥਾਨਕ ਗੁਰਦੁਆਰਾ ਟਾਇਰਾ ਬਿਊਨਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾ ਗੱਦੀ ਨੂੰ ਸਮਰਪਿਤ ਹੋ ਰਹੇ ਸਮਾਗਮਾਂ ਵਿਚ ਆਪਣੀ ਹਾਜ਼ਰੀ ਲਗਵਾਉਣ ਲਈ ਵਾਸ਼ਿੰਗਟਨ ਤੋਂ ਆਏ ਡਿਪਟੀ ਚੀਫ ਆਫ ਮਿਸ਼ਨ ਸ. ਤਰਨਜੀਤ ਸਿੰਘ ਸੰਧੂ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਹੀ। ਅਮ-ਰੀਕਾ ਵਿਚ ਸਿੱਖ ਭਾਈਚਾਰੇ ਉਪਰ ਹੋ ਰਹੇ ਜਾਨਲੇਵਾ ਹਮਲਿਆਂ ਦੀ ਚਰਚਾ ਕਰਦਿਆਂ ਸ. ਸੰਧੂ ਨੇ ਕਿਹਾ ਕਿ ਬੇਸ਼ੱਕ ਅਜਿਹੇ ਹੋ ਰਹੇ ਹਮਲਿਆਂ ਨੂੰ ਰੋਕਣ ਲਈ ਆਮ ਅਮਰੀਕਨ ਨਾਗਰਿਕਾਂ ਨੂੰ ਸਿੱਖਾਂ ਬਾਰੇ ਵਿਸ਼ੇਸ਼ ਜਾਣਕਾਰੀ ਦੇਣ ਦੀ ਵੀ ਲੋੜ ਹੈ। ਇਯ ਮੌਕੇ ਤੇ ਬੋਲਦਿਆਂ ਸਿੱਖ ਆਗੂ ਤੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਸ. ਤਜਿੰਦਰ ਸਿੰਘ ਦੋਸਾਂਝ ਨੇ ਸ. ਸੰਧੂ ਦਾ ਸਵਾਗਤ ਕਰਦਿਆਂ ਇਸ ਗੱਲ





ਉਪਰ ਆਪਣੀ ਖੁਸ਼ੀ ਦਾ ਪ੍ਰਗਟਾਵਾ ਕੀਤਾ ਕਿ ਸਾਨ-ਫਰਾਂਸਿਸਕੋ ਸਥਿਤ ਭਾਰਤੀ ਸਫਾਰਤਖਾਨੇ ਦੇ ਅਧਿਕਾਰੀ ਭਾਰਤੀ ਮੂਲ ਦੇ ਲੋਕਾਂ ਨਾਲ ਹਮੇਸ਼ਾ ਵਧੀਆ ਸਬੰਧ ਬਣਾ ਕੇ ਰੱਖਦੇ ਹਨ, ਜਿਸ ਕਾਰਨ ਆਮ ਲੋਕਾਂ ਨੂੰ ਸਫਾਰਤਖਾਨੇ ਵੱਲੋਂ ਤਸੱਲੀਬਖਸ਼ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਅਕਾਲੀ ਦਲ ਬਾਦਲ ਦੇ ਸੀਨੀਅਰ ਲੀਡਰ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪਵਿੰਦਰ ਸਿੰਘ ਕਰੀਹਾ ਨੇ ਸਮੂਹ ਸਿੱਖ ਸੰਗਤਾਂ ਵੱਲੋਂ ਸ. ਸੰਧੂ ਨੂੰ ਜੀ ਆਇਆਂ ਕਹਿੰਦੇ ਹੋਏ ਦੱਸਿਆ ਕਿ ਸ. ਸੰਧੂ ਨੇ ਵੱਖ ਵੱਖ ਦੇਸ਼ਾਂ ਵਿਚ ਭਾਰਤ ਸਰਕਾਰ ਦੀ ਪ੍ਰਤੀਨਿਧਤਾ ਕਰਕੇ ਆਪਣੀ ਸ਼ਾਨਦਾਰ ਸੇਵਾਵਾਂ ਦਾ ਰਿਕਾਰਡ ਬਣਾਇਆ ਹੈ। ਉਹਨਾਂ ਕਿਹਾ ਕਿ ਸ. ਸੰਧੂ ਦੇ ਦਾਦਾ ਜੀ ਦੇ ਨਾਂ ਤੇ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੰਪਲੈਕਸ ਵਿਚ ਹਾਲ ਦਾ ਨਾਂ ਸ. ਤੇਜਾ ਸਿੰਘ ਸਮੁੰਦਰੀ ਹਾਲ ਰੱਖਿਆ ਗਿਆ ਹੈ, ਜਦਕਿ ਉਹਨਾਂ ਦੇ ਪਿਤਾ ਸ. ਬਿਸ਼ਨ ਸਿੰਘ ਸਮੁੰਦਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਾਈਸ ਚਾਂਸਲਰ ਸਨ।

ਇਸ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਉਹਨਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

## ਸਿਰਫ 75 ਹਜ਼ਾਰ ਡਾਲਰ ਵਿਚ ਜਾ ਸਕਦੇ ਹੋ ਤਾਰਿਆਂ ਦੀ ਦੁਨੀਆਂ ਵਿਚ

ਕੇਪ ਕੈਨੇਵੇਰਲ- ਤੁਸੀਂ ਤਾਰਿਆਂ ਦੀ ਦੁਨੀਆਂ ਵਿਚ ਜਾਣ ਦਾ ਸੁਪਨਾ ਪੂਰਾ ਕਰਨ ਲਈ ਜੇ ਲੱਖਾਂ ਰੁਪਏ ਨਹੀਂ ਖਰਚ ਸਕਦੇ ਤਾਂ ਨਿਰਾਸ਼ ਹੋਣ ਦੀ ਕੋਈ ਗੱਲ ਨਹੀਂ, ਤੁਸੀਂ ਤਾਰਿਆਂ ਦੀ ਜਾਣੂ ਭਰੀ ਦੁਨੀਆਂ ਵਿਚ ਜਾ ਸਕਦੇ ਹੋ ਉਹ ਵੀ ਬੱਸ 75 ਹਜ਼ਾਰ ਅਮਰੀਕਾ ਡਾਲਰ ਵਿਚ।

ਅਮਰੀਕੀ ਕੰਪਨੀ ਪੈਰਾਗਨ ਸਪੇਸ ਡਿਵੈਲਪਮੈਂਟ ਕਾਰਪੋਰੇਸ਼ਨ ਦੀ ਉਪ ਸ਼ਾਖਾ ਤਾਰਿਆਂ ਦੀ ਸੈਰ ਕਰਵਾਉਣ ਦੀ ਯੋਜਨਾ ਬਣਾ ਰਹੀ ਹੈ। ਇਸ ਯਾਤਰਾ ਲਈ ਹਰ ਯਾਤਰੀ ਨੂੰ 75 ਹਜ਼ਾਰ ਅਮਰੀਕੀ ਡਾਲਰ ਖਰਚ ਕਰਨੇ ਪੈਣਗੇ। ਕੰਪਨੀ ਦੀ ਯੋਜਨਾ ਹੈ ਕਿ ਉਹ ਇਕ ਬੈਲੂਨ 'ਚ ਯਾਤਰੀਆਂ ਨੂੰ ਬਿਠਾ ਕੇ ਧਰਤੀ ਤੋਂ 30 ਕਿ-ਲੋਮੀਟਰ ਉਪਰ ਲੈ ਜਾਵੇਗੀ, ਜਿੱਥੇ ਵਾਯੂਮੰਡਲ ਸਾਫ ਹੋਣ ਨਾਲ ਅਸਮਾਨ ਸਾਫ ਦਿਖਾਈ ਦਿੰਦਾ ਹੈ।

ਜੇ ਰਾਤ ਨੂੰ ਇਸ ਉਚਾਈ ਤੋਂ ਦੇਖਿਆ ਜਾਵੇ ਤਾਂ ਇਸ ਤਰ੍ਹਾਂ ਲੱਗੇਗਾ ਕਿ ਤੁਸੀਂ ਤਾਰਿਆਂ ਦੀ ਦੁਨੀਆਂ ਵਿਚ ਪਹੁੰਚ ਗਏ ਹੋ। ਪ੍ਰਯੋਗ ਦੇ ਤੌਰ 'ਤੇ ਇਹ ਯੋਜਨਾ ਇਸੇ ਸਾਲ ਸ਼ੁਰੂ ਕੀਤੀ ਜਾਵੇਗੀ।

ਪਰ ਲੋਕਾਂ ਲਈ ਇਹ ਸ਼ੁਰੂ ਕਰਨ ਲਈ ਅਜੇ 3 ਸਾਲ ਲੱਗ ਜਾਣਗੇ। ਪਰ ਕੰਪਨੀ ਦੇ ਪ੍ਰਧਾਨ ਮੁਤਾਬਕ ਟਿਕਟਾਂ ਦੀ ਵਿੱਕਰੀ ਕੁਝ ਹੀ ਮਹੀਨਿਆਂ ਵਿਚ ਸ਼ੁਰੂ ਹੋ ਜਾਵੇਗੀ। ਇਸ ਸਮੇਂ ਇਸ ਬੈਲੂਨ ਦੇ ਨਿਰਮਾਣ ਦਾ ਕੰਮ ਚੱਲ ਰਿਹਾ ਹੈ।

ਯੋਜਨਾ ਦੇ ਅਨੁਸਾਰ ਪਹਿਲੀ ਉਡਾਣ ਵਿਚ 2 ਪਾਇਲਟ ਅਤੇ 6 ਯਾਤਰੀ ਸ਼ਾਮਲ ਹੋਣਗੇ।


MAJESTIC HOMES

Office (925) 779-1234
Direct (925) 366-3618
Fax (905) 219-3918
DRE Licence- 00871752

RAMESH SUMAN
Broker Realtor
RCS-D™

www.majestichomes.us ramesh@rameshsuman.com
P.O. Box 3434, Antioch, CA 94531-3434

Amrik Chand (CPA)

Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539

SAROAY INVESTMENT REALTY

39039 Paseo
Padre Parkway
Suite # 205
Fremont, CA 94538

Ram Saroay
Broker

Office: (510) 742-8120, Fax: (510) 742-8121
ramsaroay@hotmail.com



ਸ੍ਰੀ ਗੁਰੂ ਸੈਨ ਜੀ




ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ



ਸ੍ਰੀ ਗੁਰੂ ਰਵਿਦਾਸ ਜੀ

# ਸਤਿਗੁਰੂ ਭਗਤ ਸੈਨ ਜੀ ਦੇ ਅਵਤਾਰ ਪੁਰਬ ਦੀਆਂ

ਅਵਤਾਰ ਪੁਰਬ

## ਲੱਖ-ਲੱਖ ਮੁਬਾਰਕਾਂ

10 ਨਵੰਬਰ 2013

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਸਤਿਗੁਰੂ ਭਗਤ ਸੈਨ ਜੀ ਦਾ ਅਵਤਾਰ ਪੁਰਬ ਗੁਰੂ ਘਰ ਵਿਖੇ ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ ਦੁਆਰਾ 10 ਨਵੰਬਰ ਨੂੰ ਮਨਾਇਆ ਜਾ ਰਿਹਾ ਹੈ। ਸੋ ਸਮੂਹ ਸੰਗਤਾਂ ਨੂੰ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਜੀ ਆਪਣੇ ਸਮੂਹ ਪਰਿਵਾਰ ਅਤੇ ਹੋਰਨਾਂ ਸੰਗਤਾਂ ਨੂੰ ਵੀ ਨਾਲ ਲੈ ਕੇ ਇਸ ਸ਼ੁਭ ਅਵਸਰ ਤੇ ਹਾਜ਼ਰੀਆਂ ਭਰ ਕੇ ਸਤਿਗੁਰੂਆਂ ਦਾ ਆਸ਼ੀਰਵਾਦ ਅਤੇ ਖੁਸ਼ੀਆਂ ਪ੍ਰਾਪਤ ਕਰੋ ਜੀ।

## ਪ੍ਰੋਗਰਾਮਾਂ ਦਾ ਵੇਰਵਾ

* 8 ਨਵੰਬਰ ਦਿਨ ਸ਼ੁੱਕਰਵਰ ਨੂੰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 10 ਵਜੇ
* 8 ਅਤੇ 9 ਨਵੰਬਰ ਦਿਨ ਸ਼ੁੱਕਰਵਾਰ ਅਤੇ ਸਨਿਚਰਵਾਰ, ਸ਼ਾਮ 6:30 ਵਜੇ, ਕੀਰਤਨ ਦਰਬਾਰ ਸਜਾਏ ਜਾਣਗੇ ਤੇ ਆਰਤੀ ਕੀਤੀ ਜਾਵੇਗੀ
* 10 ਨੰਵਬਰ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ ਅਤੇ ਰਾਗੀ ਜਥਾ ਭਾਈ ਸਾਹਿਬ ਭਾਈ ਕੁਲਵਿੰਦਰ ਸਿੰਘ ਜੀ ਤੇ ਹੋਰ ਸ਼ਬਦ ਗਾਇਨ ਕਰਨਗੇ।

**ਭਾਈ ਸਾਹਿਬ ਭਾਈ ਗੁਰਦੇਵ ਸਿੰਘ ਜੀ ਕਥਾਵਾਚਕ, ਭਗਤ ਸੈਨ ਜੀ ਦੇ ਜੀਵਨ ਨਾਲ ਸਬੰਧਤ ਕਥਾ ਕਰਨਗੇ। ਇਸ ਤੋਂ ਇਲਾਵਾ ਕਵਿਜਨ ਵੀ ਧਾਰਮਿਕ ਗੀਤ ਤੇ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।**

ਸੋ ਇਕ ਵਾਰ ਫਿਰ ਸਮੂਹ ਇਲਾਕਾ ਨਿਵਾਸੀਆਂ ਤੇ ਦੂਰ ਦੁਰਾਡੇ ਦੀਆਂ ਸੰਗਤਾਂ ਨੂੰ ਸਮੂਹ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਇਸ ਸ਼ੁਭ ਅਵਸਰ ਤੇ ਪਰਿਵਾਰ ਸਮੇਤ ਹਾਜ਼ਰੀਆਂ ਲਗਵਾਉਣੀਆਂ ਨਾ ਭੁੱਲਣਾ ਜੀ।

ਹੋਰ ਜਾਣਕਾਰੀ ਲਈ ਸੰਪਰਕ ਕਰੋ:- ਸੁਸ਼ੀਲ ਕੁਮਾਰ (530) 415-6743, ਮੋਹਨ ਲਾਲ (530) 755-2432, ਟੋਨੀ (ਦੇਸੀ ਹੇਅਰ ਕੱਟ) 530-673-1455

ਗੁਰੂ ਕੇ ਲੰਗਰ ਅਤੁਟ ਵਰਤਣਗੇ।

### ਗੁਰੂ ਘਰ ਦੇ ਮੈਂਬਰਾਂ ਦੇ ਨਾਲ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ

ਭਾਈ ਕੁਲਵਿੰਦਰ ਸਿੰਘ (ਮੁੱਖ ਗ੍ਰੰਥੀ) 530-674-2564
ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ) 530-713-1823
ਪ੍ਰਸ਼ੋਤਮ ਸੂਦ (ਚੇਅਰਮੈਨ) 530-845-4505
ਦਲਵਿੰਦਰ ਰੱਲ੍ਹ (ਕੈਸ਼ੀਅਰ) 530-933-3938

**SHRI GURU RAVIDASS TEMPLE**
**1480 HAYNE AVENUE, YUBA CITY, CA 95993**

# ਨਾਦਰਸ਼ਾਹ ਦੀ ਵਾਪਸੀ ਅਤੇ ਤੀਜਾ ਘੱਲੂਘਾਰਾ ਦੇ ਲੇਖਕ ਸਿੱਖ ਵਿਦਵਾਨ ਅਜੀਤ ਸਿੰਘ ਰਾਹੀ ਨੂੰ ਭਰਵੇਂ ਇਕੱਠ ਵਿਚ ਪ੍ਰੋ. ਪੂਰਨ ਸਿੰਘ ਯਾਦਗਾਰੀ ਅਵਾਰਡ

ਸਰੀ (ਅਨੰਤ):ਪੰਜਾਬੀ ਸਾਹਿਤ ਤੇ ਸਭਿਆਚਾਰ ਨੂੰ ਸਮਰਪਿਤ ਪੰਜਾਬੀ ਅਦਬੀ ਸੰਗਤ ਲਿਟਰੇਰੀ ਸੁਸਾਇਟੀ ਆਫ ਕਨੇਡਾ(ਰਜਿ) ਤੇ ਅਦਾਰਾ ਪੰਜਾਬ ਗਾਰਡੀਅਨ ਵੱਲੋਂ ਸਾਂਝੇ ਤੌਰ ਤੇ ਇਕ ਸ਼ਾਨਦਾਰ ਤੇ ਭਰਵੇਂ ਇਕੱਠ ਵਿਚ ਆਸਟਰੇਲੀਆ ਤੋਂ ਪੁੱਜੇ ਨਾਮਵਰ ਵਿਦਵਾਨ, ਲੇਖਕ, ਕਵੀ ਤੇ ਇਤਿਹਾਸਕਾਰ ਅਜੀਤ ਸਿੰਘ ਰਾਹੀ ਦੇ ਮਾਣ ਵਿਚ ਪ੍ਰਤੀਨਿਧ ਇਕੱਠ ਕੀਤਾ ਗਿਆ।ਜਿਸ ਵਿਚ ਭਾਈਚਾਰੇ ਦੀਆਂ ਉੱਘੀਆਂ ਹਸਤੀਆਂ, ਉੱਘੇ ਅਦੀਬ, ਲੇਖਕ, ਕਵੀ, ਪੰਥ ਦਰਦੀ, ਮੀਡੀਆ ਕਰਮੀ ਤੇ ਪੰਜਾਬੀ ਮਾਂ ਬੋਲੀ ਦੇ ਸੁਘਰ ਪਾਠਕਾਂ ਦੀ ਹਾਜਰੀ ਵਿਚ ਅਜੀਤ ਸਿੰਘ ਰਾਹੀਂ, ਸਾਬਕਾ ਮੈਂਬਰ ਪਾਰਲੀਮੈਂਟ ਸੁਖ ਧਾਲੀਵਾਲ ਤੇ ਜੈਤੇਗ ਸਿੰਘ ਅਨੰਤ ਨੂੰ ਤਾੜੀਆਂ ਦੀ ਗੂੰਜ ਵਿਚ ਪ੍ਰਧਾਨਗੀ ਮੰਡਲ ਵਿਚ ਬਿਠਾਇਆ ਗਿਆ।ਸਭ ਤੋਂ ਪਹਿਲਾਂ ਪੰਜਾਬੀ ਅਦਬੀ ਸੰਗਤ ਦੇ ਰੂਹ ਰਵਾਂ ਜੈਤੇਗ ਸਿੰਘ ਅਨੰਤ ਨੇ ਅਜੀਤ ਸਿੰਘ ਰਾਹੀ ਦੀ ਜਾਣ ਪਹਿਚਾਣ ਕਰਵਾਉਂਦੇ ਹੋਏ ਦੱਸਿਆ ਕਿ ਉਹਨਾਂ ਪਿਛਲੀ ਅੱਧੀ ਸਦੀ ਸਾਹਿਤ ਦੇ ਪਿੜ ਵਿਚ ਨਿੱਤ ਨਵੀਆਂ ਪੈੜਾਂ ਪਾਈਆਂ ਹਨ ਉਹਨਾਂ ਭਾਵੇਂ ਕਵਿਤਾ ਤੋਂ ਅਦਬ ਵਿਚ ਪ੍ਰਵੇਸ਼ ਕੀਤਾ ਸਾਹਿਤ ਦੀਆਂ ਵੱਖ ਵੱਖ ਵਿਧਾਵਾਂ ਵਿਚ ਹੱਥ ਹੀ ਨਹੀਂ ਪਾਇਆ ਸਗੋਂ ਆਪਣੀਆਂ ਨਿਵੇਕਲੀਆਂ ਪੈੜਾਂ ਪਾਈਆਂ ਹਨ।ਉਹਨਾਂ ਵੱਲੋਂ ਪਿਛਲੇ 6 ਸਾਲਾਂ ਦੀ ਮਿਹਨਤ, ਲਗਨ ਤੇ ਸੂਝ ਨਾਲ ਜਿਹੜੀਆਂ 2 ਪੁਸਤਕਾਂ 'ਨਾਦਰਸ਼ਾਹੀ ਦੀ ਵਾਪਸੀ' ਅਤੇ ਤੀਜਾ ਘਲੂਘਾਰਾ ਅਜੋਕੇ ਸਮੇਂ ਸਿੱਖੀ ਦੀ ਦਰਦ ਭਰੀ ਗਾਥਾ ਨੂੰ ਖੂਨ ਦੀ ਸਿਆਹੀ ਨਾਲ ਲਿਖਿਆ ਹੈ।ਇਸ ਸਮੇਂ ਪੰਜਾਬੀ ਅਦਬੀ ਸੰਗਤ ਵੱਲੋਂ ਜੈਤੇਗ ਸਿੰਘ ਅਨੰਤ, ਜਗਜੀਤ ਸਿੰਘ ਤੱਖਰ ਤੇ ਕਿਹਰ ਸਿੰਘ ਧਮੜੈਤ ਨੇ ਗੁਲਾਬ ਦੇ ਫੁੱਲਾਂ ਦੇ ਗੁਲਦਸਤੇ ਨਾਲ ਆਪਣੀ ਸੰਸਥਾ ਵੱਲੋਂ ਖੁਸ਼ੀ ਦਾ ਅਜਹਾਰ ਕੀਤਾ। ਅਦਾਰਾ ਪੰਜਾਬ ਗਾਰਡੀਅਨ ਵੱਲੋਂ ਹਰਕੀਰਤ ਸਿੰਘ ਕੁਲਾਰ, ਕੰਵਲਜੀਤ ਸਿੰਘ ਤੇ ਸੁਖ ਧਾਲੀਵਾਲ ਨੇ ਫੁੱਲਾਂ ਦੇ ਗੁਲਦਸਤੇ ਨਾਲ ਹੱਕ ਤੇ ਸੱਚ ਦੀ ਆਵਾਜ ਪੰਜਾਬ ਗਾਰਡੀਅਨ ਵੱਲੋਂ ਜੀ ਆਇਆਂ ਆਖਿਆ। ਇਸੇ ਨਾਲ ਦੋਹਾਂ ਸੰਸਥਾਵਾਂ ਤੇ ਅਦਾਰਿਆਂ ਵੱਲੋਂ ਜੈਤੇਗ ਸਿੰਘ ਅਨੰਤ ਤੇ ਹਰਕੀਰਤ ਸਿੰਘ ਕੁਲਾਰ ਨੇ ਅਜੀਤ ਸਿੰਘ ਰਾਹੀ ਨੂੰ ਸਾਹਿਤ ਦੇ ਪਿੜ ਵਿਚ ਸ਼ਾਨਦਾਰ ਸੇਵਾਵਾਂ ਦੇ ਸਦਕੇ ਇਕ ਲੋਈ ਤੇ ਇਕ ਯਾਦਗਾਰੀ ਚਿੰਨ੍ਹ ਭੇਂਟ ਕਰਦੇ ਹੋਏ ਪ੍ਰੋ. ਪੂਰਨ ਸਿੰਘ ਯਾਦਗਾਰੀ ਅਵਾਰਡ ਪ੍ਰਦਾਨ ਕੀਤਾ। ਇਸ ਤੋਂ ਬਾਦ ਸਮਾਗਮ ਵਿਚ ਅਜੀਤ ਸਿੰਘ ਰਾਹੀ ਸਰੋਤਿਆਂ ਦੇ ਸਨਮੁਖ ਆਪਣੇ ਸਾਹਿਤਕ ਸਫਰ ਦੀ ਗਾਥਾ ਨੂੰ ਸੁਣਾਇਆ। ਉਹਨਾਂ ਦੱਸਿਆ ਕਿ ਮੇਰੀ ਸ਼ੁਰੂਆਤ ਕਮਿਊਨਿਸਟ ਪਾਰਟੀ ਦੇ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਤੇ ਨਵਾਂ ਜਮਾਨਾ ਤੋਂ ਹੋਈ ਹੈ। ਮੈਂ ਉਹਨਾਂ ਦਾ ਹੋਲ ਟਾਈਮ ਕਾਰਡ ਹੋਲਡਰ ਸੀ।ਕਿਸ ਤਰ੍ਹਾਂ ਉਹਨਾਂ ਮੈਨੂੰ ਪਾਰਟੀ ਵਿਚੋਂ ਕੱਢਿਆ।ਕਿਸ ਤਰ੍ਹਾਂ ਮੇਰੀ ਨਾਮਵਰ ਅਦੀਬ ਹੀਰਾ ਸਿੰਘ ਦਰਦ ਨੇ ਮੇਰੀ ਬਾਂਹ ਫੜੀ ਕਿਉਂਕਿ ਉਹ ਜਲੰਧਰ ਵਿਚ ਗਿਆਨੀ ਕਾਲਜ ਚਲਾਉਂਦੇ ਸਨ।

ਉਹਨਾਂ ਨੂੰ ਵੀ ਕਿਸੇ ਸਮੇਂ ਪਾਰਟੀ ਨੇ ਕੱਢ ਦਿੱਤਾ ਸੀ। ਉਹਨਾਂ ਵੱਲੋਂ ਆਪਣੇ ਕਾਲਜ ਵਿਚ ਬਤੌਰ ਇਕ ਅਧਿਆਪਕ ਦੇ ਤੌਰ ਤੇ ਰੱਖਿਆ। ਕਿਸ ਤਰ੍ਹਾਂ ਮੇਰੀ ਨਕਸਲਬਾੜੀ ਪਾਰਟੀ ਵਿਚ ਸ਼ਮੂਲੀਅਤ ਹੋਈ। ਕਿਸ ਤਰ੍ਹਾਂ ਪੁਲਿਸ ਦਾ ਅੰਨ੍ਹਾ ਤਸ਼ੱਦਦ ਆਪਣੇ ਪਿੰਡੇ ਤੇ ਹੰਢਾਇਆ। ਨਿੱਤ ਪੰਜਾਬ ਪੁਲਿਸ ਦੀਆਂ ਘਰਾਂ ਵਿਚ ਛਾਪੇ ਤੇ ਤਸ਼ੱਦਦ ਨੇ ਮੈਨੂੰ ਆਪਣਾ ਦੇਸ਼ ਛੱਡਣ ਲਈ ਮਜਬੂਰ ਕੀਤਾ।ਭਾਰਤ ਤੋਂ ਆਸਟਰੇਲੀਆ ਦਾ ਵੀਜਾ ਨਹੀਂ ਸੀ ਮਿਲਦਾ।

ਉਹਨਾਂ ਸਿੰਘਾਪੁਰ ਤੋਂ ਜਾ ਕੇ ਆਸਟਰੇਲੀਆ ਦਾ ਵੀਜਾ ਲਵਾਇਆ।ਉਹ ਕਾਲੀ ਤੇ ਬੋਲੀ ਰਾਤ ਜਦੋਂ ਆਪਣੇ ਦੋ ਸਾਲ ਦੇ ਸੁੱਤੇ ਪੁੱਤਰ ਨੂੰ ਘਰ ਛੱਡ ਕੇ ਸਦਾ ਲਈ ਇਕ ਨਵੀਂ ਦੁਨੀਆਂ ਵਿਚ ਪੈਰ ਪਾਇਆ। ਉਹਨਾਂ ਹਰਿਮੰਦਰ ਸਾਹਿਬ ਤੇ ਦਿੱਲੀ ਦੀ 1984 ਦੀਆਂ ਲਹੂ ਭਿੱਜੀਆਂ ਘਟਨਾਵਾਂ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਬਿਆਨ ਕੀਤਾ।ਉਹਨਾਂ ਦੱਸਿਆ ਕਿ ਨਾਦਰਸ਼ਾਹ ਦੀ ਵਾਪਸੀ ਅਤੇ ਤੀਜਾ ਘੱਲੂਘਾਰਾ ਕਿਹਨਾਂ ਹਾਲਤਾਂ ਵਿਚ ਤਿਆਰ ਕੀਤੀਆਂ ਹਨ। ਉਹਨਾਂ ਪੁਸਤਕਾਂ ਦਾ ਵਿਸ਼ਾ ਵਸਤੂ ਪ੍ਰਤੀ ਵਿਸਥਾਰ ਨਾਲ ਜਾਣੂ ਕਰਵਾਇਆ। ਸਮਾਗਮ ਵਿਚ ਸੁਖ ਧਾਲੀਵਾਲ ਸਾਬਕਾ ਮੈਂਬਰ ਪਾਰਲੀਮੈਂਟ ਨੇ ਕਿਹਾ ਲੇਖਕ ਇਤਿਹਾਸਕਾਰ ਸਾਡੀ ਕੀਮ ਦੀ ਜਿੰਦ ਜਾਨ ਹੁੰਦੇ ਹਨ। ਇਹਨਾਂ ਦੀਆਂ ਲਿਖਤਾਂ ਸਾਡੇ ਲਈ ਚਾਨਣ ਮੁਨਾਰਾ ਹਨ। ਅਜੀਤ ਸਿੰਘ ਰਾਹੀ ਵੱਲੋਂ ਕੀਤਾ ਗਿਆ ਕਾਰਜ ਸਿੱਖ ਕੌਮ ਲਈ ਮਾਣ ਵਾਲੀ ਗੱਲ ਹੈ।






# ਸਪਰਿੰਗਫੀਲਡ (ਅਮਰੀਕਾ) ਵਿਚ ਬਾਬਾ ਗੁਰਦਿੱਤਾ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ

ਡੇਟਨ- ਅਮਰੀਕਾ ਦੇ ਓਹਾਇਓ ਸੂਬੇ ਦੇ ਪ੍ਰਸਿੱਧ ਸ਼ਹਿਰ ਸਪਰਿੰਗਫੀਲਡ ਵਿਖੇ ਪਿੰਡ ਲੁਹਾਰਾਂ ਜਿਲਾ ਜਲੰਧਰ ਦੇ ਜੰਮਪਲ ਅਵਤਾਰ ਸਿੰਘ ਦੇ ਗ੍ਰਹਿ ਵਿਖੇ ਬਾਬਾ ਗੁਰਦਿੱਤਾ ਜੀ ਦਾ ਜਨਮ ਦਿਹਾੜਾ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਉਹ ਹਰ ਸਾਲ ਇਹ ਦਿਹਾੜਾ ਮਨਾਉਂਦੇ ਹਨ। ਇਹ ਸੋਲਵਾਂ ਸਮਾਗਮ ਸੀ। ਸ੍ਰੀ ਅਖੰਡ ਪਾਠ ਜੀ ਦੇ ਭੋਗ ਉਪਰੰਤ ਡੇਟਨ ਗੁਰਦੁਆਰੇ ਦੇ ਮੁੱਖ-ਗ੍ਰੰਥੀ ਭਾਈ ਦਰਸ਼ਨ ਸਿੰਘ, ਭਾਈ ਮਨਜੀਤ ਸਿੰਘ ਇੰਡੀਆਨਾ, ਡਾ. ਤਰਸੇਮ ਸਿੰਘ ਅਜੀਮਲ ਯੂ. ਕੇ., ਭਾਈ ਚਰਨ ਸਿੰਘ ਲੁਹਾਰਾਂ ਤੇ ਬੱਚੀ ਰਵਜੋਤ ਕੌਰ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸਿਨਸਿਨਾਟੀ ਦੇ ਕਥਾਵਾਚਕ ਭਾਈ ਨਿਰਮਲ ਸਿੰਘ ਤੇ ਡੇਟਨ ਗੁਰਦੁਆਰੇ ਦੇ ਮੁੱਖ-ਗ੍ਰੰਥੀ ਭਾਈ ਦਰਸ਼ਨ ਸਿੰਘ ਨੇ ਕਥਾ ਕੀਤੀ। ਸ. ਕਰਨਵੀਰ ਸਿੰਘ ਤੇ ਭਾਈ ਨਾਜਰ ਸਿੰਘ ਨੇ ਤਬਲਾਵਾਚਕ ਦੀ ਜ਼ੁੰਮੇਵਾਰੀ ਨਿਭਾਈ।

ਭਾਈ ਦਰਸ਼ਨ ਸਿੰਘ, ਐਸ. ਅਸ਼ੋਕ ਭੌਰਾ, ਮੱਖਣ ਲੁਹਾਰ, ਰਾਮ ਸਿੰਘ ਸ਼ਿਕਾਗੋ, ਡਾ. ਤਰਸੇਮ ਸਿੰਘ ਅਜੀਮਲ ਨੇ ਬਾਬਾ ਗੁਰਦਿੱਤਾ ਜੀ ਦੇ ਜੀਵਨ ਅਤੇ ਸਿੱਖਿਆਵਾਂ ਉੱਤੇ ਝਾਤ ਪਾਈ। ਸਪਰਿੰਗਫੀਲਡ ਤੋਂ ਇਲਾਵਾ ਡੇਟਨ, ਸਿਨਸਿਨਾਟੀ, ਸ਼ਿਕਾਗੋ, ਮਿਚੀਗਨ, ਕੈਲੀਫੋਰਨੀਆ, ਨਿਊਯਾਰਕ ਆਦਿ ਸ਼ਹਿਰਾਂ ਤੋਂ ਵੀ ਸੰਗਤਾਂ ਨੇ ਇਸ ਦੀਵਾਨ ਦੀ ਹਾਜ਼ਰੀ ਭਰੀ।




# ਸਿੱਖ ਟੈਂਪਲ ਗੁਰਦਵਾਰਾ ਯੂਬਾ ਸਿਟੀ, ਟੈਰਾਬੁਆਇਨਾ ਵਿਖੇ ਕਵੀ ਦਰਬਾਰ ਕਰਵਾਇਆ

ਯੂਬਾ ਸਿਟੀ- ਸਿੱਖ ਟੈਂਪਲ ਗੁਰਦਵਾਰਾ ਯੂਬਾ ਸਿਟੀ, ਟੈਰਾਬੁਆਇਨਾ ਦੀ ਪ੍ਰਬੰਧਕੀ ਕਮੇਟੀ ਅਤੇ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵੱਲੋਂ ਗੁਰਦਵਾਰਾ ਸਾਹਿਬ ਦੇ ਦੀਵਾਨ ਹਾਲ ਵਿਖੇ 19 ਅਕਤੂਬਰ 2013 (ਸ਼ਨਿਚਰਵਾਰ) ਨੂੰ ਸ਼ਾਮ ਦੇ 7 ਤੋਂ 9 ਦੇ ਵਿਚਕਾਰ ਕਵੀ ਦਰਬਾਰ ਕਰਵਾਇਆ ਗਿਆ। ਕਵੀ ਦਰਵਾਰ ਦੇ ਆਰੰਭ ਵਿੱਚ ਸਾਡੇ ਵਾਰਿਸ, ਸਾਡੇ ਹੋਣਹਾਰ ਸਕੂਲੀ ਬੱਚਿਆਂ ਨੇ ਬਹੁਤ ਹੀ ਸੋਹਣੇ ਢੰਗ ਨਾਲ ਆਪਣੀਆਂ ਰਚਨਾਵਾਂ ਪੇਸ਼ ਕੀਤੀਆ। ਜਿਸ ਦਾ ਸਿਹਰਾ ਪ੍ਰਭਜੋਤ ਜੌਹਲ, ਨੀਨਾ ਜੌਹਲ ਤੇ ਹਰਬੰਸ ਸਿੰਘ ਜਗਿਆਸੂ ਜੀ ਨੂੰ ਅਤੇ ਬੱਚਿਆਂ ਦੇ ਮਾਪਿਆਂ ਨੂੰ ਜਾਂਦਾ ਹੈ। ਕਵੀ ਦਰਬਾਰ ਵਿੱਚ ਹਿੱਸਾ ਲੈਣ ਵਾਲੇ ਬੱਚਿਆ ਦੇ ਨਾਂ ਇਸ ਤਰ੍ਹਾਂ ਹਨ। ਸੇਵਕ ਸਿੰਘ ਮੁੰਡੀ, ਤਨਵੀਰ ਕੌਰ ਅਤੇ ਹਰਵੀਰ ਕੌਰ ਜਵੰਦਾ, ਚਰਨਜੋਤ ਕੌਰ ਅਤੇ ਰਵਨੀਤ ਕੌਰ ਢਿਲੋਂ, ਨਿਹਾ ਕੌਰ ਗਰੇਵਾਲ,ਹਰਲੀਨ ਕੌਰ ਅਤੇ ਗੁਰਕੰਨਵਲ ਸਿੰਘ ਢਿਲੋਂ, ਅਰਨਵੀਰ ਕੌਰ ਢਿਲੋਂ, ਲਵਪ੍ਰੀਤ ਕੌਰ ਢਿਲੋਂ, ਅਮ-ਨਪ੍ਰੀਤ ਸਿੰਘ ਢਿਲੋਂ, ਪਰਮਵੀਰ ਸਿੰਘ ਢਿਲੋਂ, ਜਸਪ੍ਰੀਤ ਕੌਰ ਚੌਹਾਨ, ਕਿਰਨਦੀਪ ਕੌਰ ਬਾਠ, ਜਸਪ੍ਰੀਤ ਕੌਰ ਬਾਠ, ਪ੍ਰਭ-ਨੂਰ ਸਿੰਘ ਕਾਹਲੋਂ, ਖੁਸ਼ੀ ਰੱਤੂ ਅਤੇ ਤਰਨਵੀਰ ਸਿੰਘ ਜਵੰਦਾ।

ਦੂਸਰੇ ਪੜਾਅ ਵਿੱਚ ਕਵੀ ਦਰਬਾਰ ਹੋਇਆ ਜਿਸ ਦੀ ਸ਼ੁਰੂਆਤ ਹਰਬੰਸ ਸਿੰਘ ਜਗਿਆਸੂ ਹੁਣਾਂ ਵਲੋਂ ਜੀ ਆਇਆ ਕਹਿਣ ਤੋਂ ਬਾਅਦ ਜਿਓਤੀ ਸਿੰਘ ਦੇ ਸਿਤਾਰ ਨਾਲ ਗਾਏ ਸ਼ਬਦ ਨਾਲ ਹੋਈ। ਉਸ ਤੋਂ ਬਾਅਦ ਸਟੇਜ ਸਕੱਤਰ ਦੀ ਸੇਵਾ ਵੀ ਜਿਓਤੀ ਸਿੰਘ ਵਲੋਂ ਬਹੁਤ ਹੀ ਵਧੀਆਂ ਤਰੀਕੇ ਨਾਲ ਨਿਭਾਈ ਗਈ। ਸੰਗਤਾਂ ਨੇ ਇਸ ਕਵੀ ਦਰਬਾਰ ਦਾ ਆਨੰਦ ਬੜੀ ਹੀ ਸੁਹਿਰਦਤਾ ਨਾਲ ਮਾਣਿਆ। ਕਵੀ ਦਰਬਾਰ ਵਿੱਚ ਸਾਮਿਲ ਹੋਏ ਕਵੀਆਂ ਇਸ ਤਰਾਂ ਹਨੜ ਦਲਵੀਰ ਦਿਲ ਨਿਜਰ, ਗੁਰਬਚਨ ਚੋਪੜਾ, ਇੰਦਰਜੀਤ ਸਿੰਘ ਗਰੇਵਾਲ, ਜੀਵਨ ਰਤਨ ਰੱਤੂ, ਰਮੇਸ਼ ਬੰਗੜ, ਜਿਉਤੀ ਸਿੰਘ, ਨੀਨਾ ਜੌਹਲ, ਪ੍ਰਭਜੋਤ ਕੌਰ ਜੌਹਲ, ਜੋਗਿੰਦਰ ਸ਼ੌਂਕੀ, ਫੱਗਣ ਸਿੰਘ ਧਾਮੀ, ਕਿਰਪਾਲ ਸਿੰਘ, ਸ਼ਾਮ ਲਾਲ, ਗੁਰਦੀਪ ਸਿੰਘ ਹੀਰਾ, ਹਰਬੰਸ ਸਿੰਘ ਜਗਿਅਸੂ, ਸੁਖਦੇਵ ਸਿੰਘ ਢਿਲੋਂ ਅਤੇ ਅੰਤ ਵਿੱਚ ਸਭਾ ਦੇ ਪ੍ਰਧਾਨ ਦਲਵੀਰ 'ਦਿਲ' ਨਿੱਜਰ ਨੇ ਯੂਬਾ ਸਿਟੀ ਅਤੇ ਆਸ ਪਾਸ ਦੀਆਂ ਗੁਰੂ ਪਿਆਰੀਆਂ ਸੰਗਤਾਂ ਦਾ ਅਤੇ ਗੁਰੂ ਘਰ ਦੀ ਕਮੇਟੀ ਦਾ ਅਤੇ ਪ੍ਰੋਗਰਾਮ ਨੂੰ ਲਾਈਵ ਦਿਖਾਉਣ ਲਈ ਪੰਜਾਬੀ ਰੇਡਿਓ ਯੂ: ਐਸ: ਏ: ਦਾ ਧੰਨ-ਵਾਦ ਕੀਤਾ। ਇਸ ਦੇ ਨਾਲ ਹੀ ਸਭਾ ਦੇ ਪ੍ਰਧਾਨ ਨੇ ਨਵੇਂ ਬਣੇ ਮੈਂਬਰ ਸਤਨਾਮ ਸਿੰਘ ਨਿੱਜਰ, ਸੁਖਦੇਵ ਸਿੰਘ ਢਿਲੋਂ, ਪ੍ਰਭਜੋਤ ਜੌਹਲ ਅਤੇ ਨੀਨਾ ਜੌਹਲ ਨੂੰ ਵੀ ਜੀ ਆਇਆ ਆਖਿਆ।

ਗੁਰਦਵਾਰਾ ਪ੍ਰਬੰਧਕੀ ਕਮੇਟੀ ਦੇ ਉਪ ਪ੍ਰਧਾਨ, ਪਲਵਿੰਦਰ ਸਿੰਘ ਕਰੀਹਾ ਨੇ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ, ਪੰਜਾਬੀ ਸਕੂਲ ਦੇ ਸਟਾਫ ਤੇ ਖਾਸ ਕਰਕੇ ਨੀਨਾ ਜੌਹਲ ਅਤੇ ਪ੍ਰਭਜੋਤ ਕੌਰ ਜੌਹਲ ਅਤੇ ਗੁਰੂ ਕੀ ਸੰਗਤ ਦਾ ਧੰਨਵਾਦ ਕੀਤਾ।





# ਔਰਤਾਂ ਵਿਰੁੱਧ ਹਿੰਸਾ ਦੇ ਹੱਲ ਲਈ ਸਮਾਜਿਕ ਤਬਦੀਲੀ, ਸਮੇਂ ਦੀ ਲੋੜ





ਕਿਹਾ, ''ਔਰਤਾਂ ਨੇ ਬਹੁਤ ਸਹਿ ਲਿਆ ਹੁਣ ਅੱਗੇ ਵਧ ਕੇ ਔਰਤਾਂ ਖਿਲਾਫ ਹਿੰਸਾ ਵਿਰੁੱਧ ਸੰਘਰਸ਼ ਕਰਨ ਦਾ ਸਮਾਂ ਹੈ।'' ਇਸੇ ਤਰ੍ਹਾਂ ਨਿਸ਼ਾਂਤ ਕੁਮਾਰ ਕਿਹਾ, ''ਔਰਤ ਦੀ ਸਮਾਜਕ ਸਥਿਤੀ ਬਦਲਣ ਲਈ ਸੰਘਰਸ਼ ਕਰਨਾ ਪਵੇਗਾ।'' ਹਰਪ੍ਰੀਤ ਬਲ ਨੇ ਕਿਹਾ, ''ਔਰਤ ਨੂੰ ਮੁਕਤੀ ਲਈ ਮਰਦ ਪ੍ਰਧਾਨ ਸਮਾਜ ਦੇ ਬੰਧਨਾਂ ਵਿਰੁਧ ਜੂਝਣਾ ਪਵੇਗਾ।'' ਤਨਿਸ਼ਠਾ ਦਾ ਸੱਦਾ ਸੀ, ''ਔਰਤ ਵਿਰੁੱਧ ਹਿੰਸਾ ਰੋਕਣ ਲਈ ਸੋਚ ਬਦਲਣ ਦੀ ਜ਼ਰੂਰਤ ਹੈ।'' ਗੁਰਵਿੰਦਰ ਸਿੰਘ ਦਾ ਕਹਿਣਾ ਸੀ, ''ਇਤਿਹਾਸ ਵਿਚ ਔਰਤਾਂ ਦਾ ਯੋਗਦਾਨ ਘੱਟ ਨਹੀਂ ਹੈ। ਫਿਰ ਵੀ ਬਦਸਲੂਕੀ ਹੁੰਦੀ ਹੈ।'' ਇਸੇ ਤਰ੍ਹਾਂ ਵਰੁਣ ਕੌਰ ਮਾਨ ਨੇ ਕਿਹਾ, ''ਭਾਰਤ ਵਿਚ ਔਰਤ ਸੁਰੱਖਿਅਤ ਨਹੀਂ ਹੈ। ਸਮਾਜ ਦੇ ਹਰੇਕ ਖੇਤਰ ਵਿਚ ਹਿੰਸਾ ਹੋ ਰਹੀ ਹੈ। ਨੈਤਿਕ ਕਦਰਾਂ ਕੀਮਤਾਂ ਦਾ ਘਾਣ ਹੋ ਰਿਹਾ ਹੈ। ਕਾਨੂੰਨ ਤਾਂ ਬਹੁਤ ਹਨ ਪਰ ਅਮਲ ਨਹੀਂ। ਹਿੰਸਾ ਰੋਕਣ ਲਈ ਔਰਤ ਨੂੰ ਆਪਣੀ ਆਤਮ ਰੱਖਿਆ ਕਰਨ ਦੇ ਕਾਬਲ ਬਣਨਾ ਪਵੇਗਾ। ਔਰਤ ਦੀ ਹੋਂਦ ਨੂੰ ਸਵੀਕਾਰ ਕਰਨ ਵਾਲ਼ੇ ਸਮਾਜ ਦੀ ਸਿਰਜਣਾ ਕਰਨੀ ਪਵੇਗੀ।'' ਭਾਸ਼ਣ ਮੁਕਾਬਲੇ 'ਚ ਪੰਜਾਬ ਤੇ ਹੋਰਨਾਂ ਸੂਬਿਆਂ ਤੋਂ ਵਿਦਿਆਰਥੀਆਂ ਨੇ ਭਾਗ ਲਿਆ। ਭਾਸ਼ਣ ਮੁਕਾਬਲੇ ਦੇ ਐਲਾਨੇ ਨਤੀਜਿਆਂ ਅਨੁਸਾਰ ਪਹਿਲਾ ਇਨਾਮ ਮ੍ਰਿਧੂ (ਐਸ.ਆਰ.ਟੀ. ਡੀ.ਏ.ਵੀ. ਪਬਲਿਕ ਸਕੂਲ ਬਿਲਗਾ) ਨੇ ਪ੍ਰਾਪਤ ਕੀਤਾ, ਜਦਕਿ ਦੂਜੇ ਸਥਾਨ 'ਤੇ ਕੰਵਲਦੀਪ ਸਿੰਘ (ਅਮਰਦੀਪ ਮੈਮੋਰੀਅਲ ਕਾਲਜ ਮੁਕੰਦਪੁਰ) ਰਿਹਾ। ਤੀਜੇ ਸਥਾਨ 'ਤੇ ਵਰੁਣ ਕੌਰ ਮਾਨ (ਕੰਨਿਆਂ ਮਹਾਂਵਿਦਿਆਲਾ ਜਲੰਧਰ) ਨੇ ਪ੍ਰਾਪਤ ਕੀਤਾ। ਇਸੇ ਤਰ੍ਹਾਂ ਭਾਸ਼ਣ ਮੁਕਾਬਲੇ 'ਚ ਹਿੱਸਾ ਲੈਣ ਵਾਲੇ ਸਤਬੀਰ ਕੌਰ (ਸੰਤ ਹੀਰਾਦਾਸ ਕੰਨਿਆ ਮਹਾਵਿਦਿਆਲਾ ਕਾਲਾ ਸੰਘਿਆ), ਜਸ਼ਨਜੋਤ ਸਿੰਘ ਬਾਸੀ (ਰਾਮਗੜ੍ਹੀਆ ਬਹੁ ਤਕਨੀਕੀ ਕਾਲ ਫਗਵਾੜਾ), ਸਚਿਨ ਭਾਰਤੀ (ਕਾਨੂੰਨ ਵਿਭਾਗ ਰਿਜਨਲ ਸੈਂਟਰ ਜਲੰਧਰ), ਸਮਾਲੀ (ਹੰਸ ਰਾਜ ਕੰਨਿਆ ਮਹਾਵਿਦਿਆਲਾ ਜਲੰਧਰ), ਸ਼ਰੇਆ ਮਲਹੋਤਰਾ (ਮੇਹਰ ਚੰਦ ਪਾਲੀਟੈਕਨੀਕਲ ਕਾਲਜ, ਜਲੰਧਰ), ਮਨਰਾਜ ਕੌਰ (ਕਾਨੂੰਨ ਵਿਭਾਗ ਰਿਜਨਲ ਸੈਂਟਰ ਜਲੰਧਰ), ਕਮਲਦੀਪ ਕੌਰ (ਸੰਸਾਰਪੁਰ ਜਲੰਧਰ), ਫਰਿਹਾਦ ਖਾਨ (ਮੇਰਠ), ਅਮਰਜੀਤ ਕੌਰ (ਸੰਗ ਢੇਸੀਆਂ) ਨੂੰ ਦਿੱਤੇ ਗਏ। ਇਸੇ ਤਰ੍ਹਾਂ ਜੂਨੀਅਰ ਵਰਗ 'ਚ ਅਭਿਨਵ (ਜਲੰਧਰ) ਤੇ ਪ੍ਰਿਅੰਕਾ (ਖੁਰਲਾ ਕਿੰਗਰਾ) ਨੂੰ ਹੌਸਲਾ ਵਧਾਊ ਇਨਾਮ ਦਿੱਤੇ ਗਏ। ਭਾਸ਼ਣ ਮੁਕਾਬਲੇ ਦੌਰਾਨ ਜੱਜਮੈਂਟ ਦੀ ਭੂਮਿਕਾ ਪ੍ਰਿੰਸੀਪਲ ਡਾ. ਜਸਵੀਰ ਕੌਰ, ਪ੍ਰੋ. ਕੁਲਵੰਤ ਸਿੰਘ ਔਜਲਾ ਤੇ ਡਾ. ਉਪਿੰਦਰ ਕੌਰ ਨੇ ਨਿਭਾਈ, ਜਦਕਿ ਸਟੇਜ ਸਕੱਤਰ ਦਾ ਫਰਜ਼ ਪ੍ਰੋ. ਰਣਜੀਤ ਕੌਰ ਨੇ ਅਦਾ ਕੀਤਾ।

ਦੁਪਿਹਰ ਬਾਅਦ ਔਰਤ ਸਮੱਸਿਆਵਾਂ 'ਤੇ ਸੈਮੀਨਾਰ ਦਾ ਅਗਾਜ਼ ਪੰਜਾਬੀ ਮੈਗਜ਼ੀਨ 'ਪ੍ਰੀਤਲੜੀ' ਦੀ ਸੰਪਾਦਕ ਪੂਨਮ ਨੇ ਕੀਤਾ। ਸੈਮੀਨਾਰ 'ਚ 'ਔਰਤ, ਹੋਂਦ, ਦਮਨ ਤੇ ਇਨਸਾਫ਼ ਦਾ ਸਵਾਲ' ਵਿਸ਼ੇ 'ਤੇ ਬੋਲਦਿਆਂ ਪੂਨਮ ਨੇ ਕਿਹਾ ਕਿ ਔਰਤ ਅੱਜ ਵੀ ਹਰ ਤਰ੍ਹਾਂ ਨਾਲ ਦਰੜੀ ਹੋਈ ਹੈ। ਇਸ ਲਈ ਔਰਤ ਦੀ ਮੁਕਤੀ ਲਹਿਰ ਉਸਾਰਨਾ ਸਮੇਂ ਦੀ ਲੋੜ ਹੈ। ਇਸੇ ਤਰ੍ਹਾਂ ਡਾ. ਪਰਮਿੰਦਰ ਸਿੰਘ ਨੇ ਕਿਹਾ ਕਿ ਔਰਤ ਦੀਆਂ ਸਮੱਸਿਆਵਾਂ ਦਾ ਮੁੱਦਾ ਸਭ ਤੋਂ ਵੱਧ ਧਿਆਨ ਇਸ ਪਾਸੇ ਖਿੱਚਦਾ ਹੈ ਕਿ ਸਮਾਜ ਦੇ ਸਭ ਤੋਂ ਦਰੜੇ ਹੋਏ ਦਲਿਤ ਵਰਗ ਦੀਆਂ ਔਰਤਾਂ ਨੂੰ ਸਮਾਜਿਕ ਤਬਦੀਲੀ ਦੀ ਲਹਿਰ ਦੀ ਅਗਲੀ ਕਤਾਰ 'ਚ ਲਿਆਂਦਾ ਜਾਵੇ, ਇਹ ਹੀ ਵਰਗ ਹੈ ਕਿ ਜਿਹੜਾ ਸਮਾਜੀ ਤੇ ਇਨਕਲਾਬੀ ਚੇਤਨਾ ਨਾਲ ਜੁੜ ਕੇ ਆਪਣੀ ਅਸਲੀ ਮੁਕਤੀ ਦੀ ਮੰਜ਼ਲ ਵੱਲ ਪੁਲਾਂਘਾਂ ਪੁੱਟ ਸਕਦਾ ਹੈ। ਇਸੇ ਤਰ੍ਹਾਂ ਸੁਰਿੰਦਰ ਕੁਮਾਰੀ ਕੋਛੜ ਨੇ ਕਿਹਾ ਕਿ ਔਰਤ ਦੀ ਮੁਕਤੀ ਲਈ ਸੰਘਰਸ਼ ਅਜੋਕੇ ਸਮੇਂ ਦੀ ਮੁੱਖ ਲੋੜ ਹੈ।

ਸੈਮੀਨਾਰ ਦੀ ਪ੍ਰਧਾਨਗੀ ਮੰਡਲ 'ਚ ਸੁਰਿੰਦਰ ਕੁਮਾਰੀ ਕੋਛੜ, ਬਲਵੀਰ ਕੌਰ ਬੰਡਾਲਾ, ਡਾ. ਪਰਮਿੰਦਰ ਸਿੰਘ ਤੇ ਕਾਮਰੇਡ ਅਜਮੇਰ ਸਿੰਘ ਹਾਜ਼ਰ ਸਨ, ਜਦਕਿ ਸਟੇਜ ਸੰਚਾਲਨ ਮਨਦੀਪ ਸਨੇਹੀ ਨੇ ਕੀਤਾ।

**ਅਮਿਟ ਛਾਪ ਛੱਡ ਗਈ 'ਮੌਤ ਔਰ ਮਾਯੂਸੀ ਕੇ ਸਾਏ' ਦਸਤਾਵੇਜ਼ੀ ਫ਼ਿਲਮ**

ਦੇਰ ਸ਼ਾਮ ਦਿ ਪੀਪਲਜ਼ ਵਾਇਸ ਵਲੋਂ ਫ਼ਿਲਮ ਸ਼ੋਅ ਕੀਤਾ ਗਿਆ। ਇਸ ਫ਼ਿਲਮ ਸ਼ੋਅ ਵਿਚ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਿਰਾਂ ਅਤੇ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਦੇ ਦੁਰਲੱਭ ਫ਼ਿਲਮ ਟੋਟਿਆਂ ਤੋਂ ਇਲਾਵਾ ਰਣਦੀਪ ਮਦੋਕੇ ਦੀ ਨਿਰਮਾਣ ਅਧੀਨ ਦਸਤਾਵੇਜ਼ੀ ਫ਼ਿਲਮ 'ਗ਼ਦਰ 1913' ਦੇ ਅੰਸ਼ ਪੇਸ਼ ਕੀਤੇ ਗਏ। ਇਸ ਉਪਰੰਤ ਪਰਵਾਸ ਦੇ ਸਮਲੇ ਨੂੰ ਪੇਸ਼ ਕਰਦੀ ਚਾਰਲੀ ਚੈਪਲਿਨ ਦੀ ਫ਼ਿਲਮ 'ਦਿ ਇੰਮੀਗ੍ਰੈਂਟ' (1917) ਦੀ ਸਕ੍ਰੀਨਿੰਗ ਹੋਈ। ਇਸੇ ਦੌਰ ਵਿਚ ਖ਼ੁਦ ਚਾਰਲੀ ਚੈਪਲਿਨ ਵੀ ਅਮਰੀਕਾ ਵਿਚ ਇਕ ਪਰਵਾਸੀ ਵਜੋਂ ਪਹੁੰਚੇ ਸਨ। ਫ਼ਿਲਮ ਇੰਮੀਗ੍ਰੇਸ਼ਨ ਅਫ਼ਸਰਾਂ ਦੇ ਰੁੱਖੇ ਵਤੀਰੇ ਨੂੰ ਬਾਖ਼ੂਬੀ ਬਿਆਨਦੀ ਹੈ। ਫ਼ਿਲਮ ਵਿਚ ਚਾਰਲੀ ਚੈਪਲਿਨ ਦੀ ਲੋਕ ਪੱਖੀ ਵਿਚਾਰਧਾਰਾ ਦੇ ਵਿਕਾਸ ਦੇ ਮੁਢਲੇ ਬੀਜ ਦੇਖੇ ਜਾ ਸਕਦੇ ਹਨ। ਇਸ ਉਪਰੰਤ ਸਨਅਤੀ ਮਜ਼ਦੂਰਾਂ ਦੀ ਸਥਿਤੀ ਨੂੰ ਬਿਆਨਦੀ ਫ਼ਿਲਮ 'ਮੌਤ ਔਰ ਮਾਯੂਸੀ ਕੇ ਸਾਏ' ਪੇਸ਼ ਕੀਤੀ ਗਈ। ਚਾਰੂ ਚੰਦਰ ਪਾਠਕ ਦੁਆਰਾ ਨਿਰਦੇਸ਼ਤ ਇਸ ਦਸਤਾਵੇਜ਼ੀ ਫ਼ਿਲਮ ਵਿਚ ਦਿਖਾਇਆ ਗਿਆ ਹੈ ਕਿ ਕਿਵੇਂ ਹਾਕਮ ਜਮਾਤਾਂ ਵਲੋਂ ਕੀਤੇ ਗਏ ਦਾਅਵਿਆਂ ਦੇ ਉਲਟ ਸਨਅਤੀ ਮਜ਼ਦੂਰ ਅੱਜ ਵੀ ਸੌ ਸਾਲ ਪੁਰਾਣੀਆਂ ਹਾਲਤਾਂ ਵਿਚ ਨਰਕੀ ਜੀਵਨ ਜੀਅ ਰਹੇ ਹਨ।

ਭਾਵੇਂ ਸਰਕਾਰ ਨੇ ਢਾਈ ਸੌ ਤੋਂ ਵੱਧ ਕਾਨੂੰਨ ਮਜ਼ਦੂਰਾਂ ਦੀ ਭਲਾਈ ਲਈ ਬਣਾਏ ਹੋਏ ਹਨ ਪਰ ਇਹ ਸਾਰੇ ਕਾਨੂੰਨ ਸਿਰਫ਼ ਕਾਗਜ਼ਾਂ ਤਕ ਹੀ ਸੀਮਤ ਹੋ ਕੇ ਰਹਿ ਗਏ ਹਨ। ਸਰਕਾਰ ਦੀ ਸ਼ਹਿ 'ਤੇ ਮਾਲਕਾਂ ਵਲੋਂ ਨਿੱਤ ਦਿਹਾੜੇ ਇਨ੍ਹਾਂ ਕਾਨੂੰਨਾਂ ਦੀਆਂ ਧੱਜੀਆਂ ਉਡਾ ਕੇ ਮਜ਼ਦੂਰਾਂ ਦੀ ਜ਼ਿੰਦਗੀ ਨਾਲ਼ ਖਿਲਵਾੜ ਕੀਤਾ ਜਾ ਰਿਹਾ ਹੈ। ਫ਼ਿਲਮ ਇਹ ਦਰਸਾਉਂਦੀ ਹੈ ਕਿ ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਅਸਮਾਨ ਛੂਹਦੀਆਂ ਇਮਾਰਤਾਂ ਦੀ ਚਕਾਚੌਂਧ ਪਿੱਛੇ ਮਿਹਨਤ ਕਰਨ ਵਾਲ਼ੇ ਇਨ੍ਹਾਂ ਸਨਅਤੀ ਮਜ਼ਦੂਰਾਂ ਦਾ ਇਹ ਨਰਕੀ ਜੀਵਨ ਆਮ ਲੋਕਾਂ ਦੀਆਂ ਨਜ਼ਰਾਂ ਤੋਂ ਉਹਲੇ ਹੈ। ਫ਼ਿਲਮ ਲੋਕਪੱਖੀ ਤਾਕਤਾਂ ਦੇ ਉਸਾਰੂ ਬਦਲ ਪੇਸ਼ ਕਰਨ ਦੇ ਯਤਨਾਂ ਵੱਲ ਵੀ ਇਸ਼ਾਰਾ ਕਰਦੀ ਹੈ। ਇਨ੍ਹਾਂ ਫ਼ਿਲਮਾਂ ਨੇ ਦਰਸ਼ਕਾਂ ਦੇ ਮਨਾਂ ਤੇ ਅਮਿੱਟ ਛਾਪ ਛੱਡੀ।

**ਝੰਡੇ ਦੇ ਗੀਤ ਨੂੰ ਨਵੇਂ ਮੁਕਾਮ 'ਤੇ ਪਹੁੰਚਾਉਣ ਲਈ ਯਾਦਗਾਰ ਹਾਲ 'ਚ ਜੁਟੇ ਸੈਂਕੜੇ ਕਲਾਕਾਰ**

ਗ਼ਦਰੀ ਬਾਬਿਆਂ ਦੇ ਮੇਲੇ 'ਤੇ ਹਰ ਸਾਲ ਨਵੇਂ ਨਿਵੇਕਲੇ ਅੰਦਾਜ਼ 'ਚ ਪੇਸ਼ ਕੀਤਾ ਜਾਂਦਾ 'ਝੰਡੇ ਦਾ ਗੀਤ' ਇਸ ਵਾਰ ਗ਼ਦਰ ਸ਼ਤਾਬਦੀ ਮੇਲੇ ਦੇ ਸਿਖਰ 'ਤੇ 1 ਨਵੰਬਰ ਨੂੰ ਸਵੇਰ ਦਸ ਵਜੇ ਝੰਡੇ ਦੀ ਰਸਮ ਮੌਕੇ ਦੇਸ਼ ਭਗਤ ਯਾਦਗਾਰ ਹਾਲ ਦੇ ਵਿਸ਼ਾਲ ਪੰਡਾਲ, ਸ਼ਹੀਦ ਭਗਤ ਸਿੰਘ ਆਡੀਟੋਰੀਅਮ 'ਚ ਪੇਸ਼ ਕੀਤਾ ਜਾ ਰਿਹਾ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮਲੋਕ ਸਿੰਘ ਵਲੋਂ ਲਿਖਿਆ ਗੀਤ ' ਚੇਤਨਾ ਦੇ ਗੀਤ ਮਨਾਂ 'ਤੇ ਜਗਾ ਦਿਓ, ਉਠੋ!

ਨਵੇਂ ਯੁੱਗ ਵਾਲਾ ਗੀਤ ਗਾ ਦਿਓ' 100 ਤੋਂ ਵੱਧ ਕਲਾਕਾਰਾਂ ਵਲੋਂ ਪੇਸ਼ ਕੀਤਾ ਜਾਵੇਗਾ। ਦੇਸ਼ ਭਗਤ ਯਾਦਗਾਰ ਹਾਲ ਦੇ ਵਿਹੜੇ ਅੰਦਰ ਪੰਜਾਬ ਦੀਆਂ ਦਰਜਨ ਦੇ ਕਰੀਬ ਨਾਟ, ਸੰਗੀਤ ਮੰਡਲੀਆਂ ਦੇ ਕਲਾਕਾਰਾਂ ਵਲੋਂ ਮਿਲ ਕੇ ਗੀਤ ਦੀ ਤਿਆਰੀ ਲਈ ਵਰਕਸ਼ਾਪ ਚੱਲ ਰਹੀ ਹੈ। ਇਸ ਵਰਕਸ਼ਾਪ 'ਚ ਬਰਨਾਲਾ, ਪਟਿਆਲਾ, ਬਠਿੰਡਾ, ਲੁਧਿਆਣਾ, ਹੁਸ਼ਿਆਰਪੁਰ, ਗੁਰਦਾਸਪੁਰ, ਅੰਮ੍ਰਿਤਸਰ, ਲੋਹੀਆਂ ਖਾਸ, ਰਾਮਪੁਰਾ ਫੂਲ ਤੇ ਜਲੰਧਰ ਦੇ ਕਲਾਕਾਰ ਭਾਗ ਲੈ ਰਹੇ ਹਨ। ਇਸ ਗੀਤ ਨੂੰ ਨਵੇਂ ਮੁਕਾਮ 'ਤੇ ਪਹੁੰਚਾਉਣ ਲਈ ਜੀਅ ਜਾਨ ਲਾ ਕੇ ਕਲਾਕਾਰ ਦਿਨ ਰਾਤ ਤਿਆਰੀਆਂ 'ਚ ਜੁਟੇ ਹੋਏ ਹਨ।

ਬਾਕਸ

**–ਅੱਜ ਪੇਂਟਿੰਗ, ਕੁਇੱਜ਼, ਕਵੀ ਦਰਬਾਰ ਤੇ ਨੁੱਕੜ ਨਾਟਕ ਹੋਣਗੇ ਖਿੱਚ ਦਾ ਕੇਂਦਰ**

ਮੇਲੇ ਦੇ ਚੌਥੇ ਦਿਨ ਦੇ ਸਮਾਗਮਾਂ ਬਾਰੇ ਜਾਣਕਾਰੀ ਦਿੰਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ 31 ਅਕਤੂਬਰ ਦੇ ਸਮਾਗਮਾਂ ਦੀ ਸ਼ੁਰੂਆਤ ਸਵੇਰੇ 9 ਵਜੇ ਵਿਦਿਆਰਥੀਆਂ ਦੇ ਪੇਂਟਿੰਗ ਤੇ ਕੁਇੱਜ਼ ਮੁਕਾਬਲੇ ਨਾਲ ਹੋਵੇਗੀ। ਸ਼ਾਮ 4 ਵਜੇ ਕਵੀ ਦਰਬਾਰ ਹੋਵੇਗਾ, ਜਿਸ 'ਚ ਨਾਮਵਰ ਕਵੀ ਆਪਣੀਆਂ ਕਵਿਤਾਵਾਂ ਨਾਲ ਕਵਿਤਾਮਈ ਮਾਹੌਲ ਸਿਰਜਣਗੇ। ਉਪਰੰਤ ਯੁਗਾਂਦਰ ਆਸ਼ਰਮ 'ਚ ਨੁੱਕੜ ਨਾਟਕਾਂ ਦੀ ਸ਼ਾਮ ਹੋਵੇਗੀ।

## ਪੰਜਾਬ ਤੋਂ 6 ਮਹੀਨੇ ਪਹਿਲਾਂ ਅਮਰੀਕਾ ਆਏ ਪਰਮਜੀਤ ਸਿੰਘ ਨੇ ਲਿਆ ਫਾਹਾ

ਮਿਲਪੀਟਸ (ਕੈਲੀਫੋਰਨੀਆ) ਕੁਝ ਦਿਨ ਪਹਿਲਾਂ ਇਥੇ ਰਹਿਣ ਵਾਲੇ ਸ: ਪਰਮਜੀਤ ਸਿੰਘ ਉਮਰ 35 ਸਾਲ ਜਿਹੜਾ ਅਜੇ 6 ਮਹੀਨੇ ਪਹਿਲਾਂ ਹੀ 25 ਲੱਖ ਰੁਪੈ ਏਜੰਟ ਨੂੰ ਦੇ ਕੇ ਸੰਘਰਸ਼ ਕਰਦਾ ਤੇ ਮੁਸੀਬਤਾਂ ਨੂੰ ਪਾਰ ਕਰਦਾ ਹੋਇਆ ਪੰਜਾਬ ਤੋਂ ਅਮਰੀਕਾ ਪਹੁੰਚਿਆ ਸੀ ਨੇ ਆਪਣੇ ਗਲ ਵਿਚ ਫਾਹਾ ਲੈ ਕੇ



ਆਤਮ ਹਤਿਆ ਕਰ ਲਈ ਹੈ। ਮ੍ਰਿਤਕ ਪਰਮਜੀਤ ਸਿੰਘ ਦਾ ਪਰਿਵਾਰਕ ਪਿਛੋਕੜ ਪਿੰਡ ਮੁਹੱਬਲੀਪੁਰ ਤਹਿਸੀਲ ਸੁਲਤਾਨਪੁਰ ਲੋਧੀ ਜਿਲਾ ਕਪੂਰਥਲਾ ਦਾ ਸੀ।ਉਹ ਆਪਣੇ ਪਿਛੇ ਆਪਣੀ ਪਤਨੀ,10 ਸਾਲ ਦੀ ਧੀ ਤੇ ਇਕ 8 ਸਾਲ ਦਾ ਪੁਤਰ ਛਡ ਗਏ ਹਨਜਿਹੜੇ ਕਿ ਇਸ ਵੇਲੇ ਆਪਣੇ ਪਿੰਡ ਹੀ ਰਹਿ ਰਹੇ ਹਨ।ਮ੍ਰਿਤਕ ਪਰਮਜੀਤ ਦੀ ਦੇਹ ਨੂੰ ਉਹਨਾਂ ਦੇ ਪਿੰਡ ਪਹੁੰਚਾਉਣ ਲਈ ਪਰਬੰਧ ਕੀਤੇ ਜਾ ਰਹੇ ਹਨ।ਇਸ ਗਲ ਦੀ ਜਾਣਕਾਰੀ ਦਿੰਦਿਆਂ ਅਜ ਇਥੇ ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਦੇ ਕਾਰਜਕਾਰੀ ਡਾਇਰੈਕਟਰ ਸ: ਸਤਨਾਮ ਸਿੰਘ ਚਾਹਲ ਨੇ ਦਸਿਆ ਕਿ ਮ੍ਰਿਤਕ ਕੁਝ ਦਿਨਾਂ ਤੋਂ ਇਥੋਂ ਦੀ ਸੰਘਰਸਮਈ ਜਿੰਦਗੀ ਤੇ ਆਪਣੇ ਸਿਰ ਤੇ 25 ਲੱਖ ਰੂਪੈ ਦੇ ਕਰਜੇ ਤੋਂ ਬਹੁਤ ਪਰੇਸ਼ਾਨ ਸੀ ਜਿਸ ਕਾਰਣ ਉਸਨੇ ਇਹ ਕਦਮ ਚੁਕਿਆ।ਸ: ਚਾਹਲ ਨੇ ਪੰਜਾਬ ਤੋਂ ਪਛਮੀ ਦੇਸ਼ਾਂ ਵਿਚ ਆਪਣੇ ਵਧੀਆ ਭਵਿਖ ਲਈ ਆਉਣ ਵਾਲੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਪਛਮੀ ਦੇਸ਼ਾਂ ਦੀ ਚਮਕ ਦਮਕ ਵਾਲੀ ਜਿੰਦਗੀ ਨੂੰ ਸਹੀ ਨਜਰੀਏ ਨਾਲ ਵੇਖ ਕੇ ਆਪਣਾ ਫੈਸਲਾ ਲੈਣ।ਉਹਨਾਂ ਕਿਹਾ ਕਿ ਇਥੋਂ ਦੀ ਜਿੰਦਗੀ ਸੰਘਰਸ਼ਾਂ ਨਾਲ ਭਰੀ ਪਈ ਹੈ ਲੇਕਿਨ ਜਿਹੜਾ ਵਿਅਕਤੀ ਸ਼ੰਘਰਸ਼ਸ਼ੀਲ ਹੋ ਕੇ ਮੁਸੀਬਤਾਂ ਝਲਣ ਦਾ ਆਦੀ ਹੋ ਜਾਂਦਾ ਹੈ ਉਸ ਲਈ ਫਿਰ ਇਹੋ ਹੀ ਜਿੰਦਗੀ ਅਸਾਨ ਤੇ ਅਰਾਮ ਦੇਹ ਹੋ ਨਿਬੜਦੀ ਹੈ।


## ਸੈਂਕੜੇ ਵਿਦਿਆਥੀਆਂ ਕੈਨਵਸ 'ਤੇ ਉਤਾਰੇ ਇਨਕਲਾਬੀ ਵਲਵਲੇ

ਯੁਗਾਂਤਰ ਆਸ਼ਰਮ, ਜਲੰਧਰ– ਗ਼ਦਰ ਸ਼ਤਾਬਦੀ ਮੇਲੇ ਦੇ ਚੌਥੇ ਦਿਨ ਦੀ ਸ਼ੁਰੂਆਤ ਪੇਂਟਿੰਗ ਤੇ ਕੁਇੱਜ਼ ਮੁਕਾਬਲਿਆਂ ਨਾਲ ਹੋਈ। ਮੇਲੇ ਦੇ ਚੌਥੇ ਦਿਨ ਸਵੇਰ ਸਾਰ ਪੇਂਟਿੰਗ ਤੇ ਕੁਇੱਜ਼ ਮੁਕਾਬਲਿਆਂ 'ਚ ਹਿੱਸਾ ਲੈਣ ਲਈ ਸੂਬੇ ਦੇ ਵੱਖ-ਵੱਖ ਸਕੂਲਾਂ, ਕਾਲਜਾਂ ਦੇ ਵਿਦਿਆਰਥੀਆਂ ਅਤੇ ਸੰਸਥਾਵਾਂ ਦੀਆਂ ਟੀਮਾਂ ਸ਼ਾਮਲ ਹੋਈਆਂ। ਇਸ ਮੌਕੇ ਜਿੱਥੇ ਵਿਦਿਆਰਥੀਆਂ ਨੇ ਪੇਂਟਿੰਗ ਮੁਕਾਬਲੇ ਦੌਰਾਨ ਆਪਣੇ ਚਿਤਰਾਂ ਰਾਹੀਂ ਸਮਾਜਿਕ ਕੁਰੀਤੀਆਂ 'ਤੇ ਚੋਟ ਕੀਤੀ, ਉਥੇ ਮਨੁੱਖਤਾ ਦੀ ਮੁਕਤੀ ਲਈ ਆਪਣੇ ਮਨਾਂ 'ਚ ਠਾਠਾਂ ਮਾਰ ਰਹੇ ਇਨਕਲਾਬੀ ਵਲਵਲਿਆਂ ਨੂੰ ਵੀ ਕੈਨਵਸ 'ਤੇ ਉਤਾਰ ਕੇ ਨਵੇਂ ਗ਼ਦਰ ਦੀ ਹਾਮੀ ਭਰਨ ਦਾ ਸੰਕੇਤ ਦਿੱਤਾ। ਇਸੇ ਤਰ੍ਹਾਂ ਬਾਬਾ ਜਵਾਲਾ ਸਿੰਘ ਆਡੀਟੋਰੀਅਮ ਹਾਲ 'ਚ ਹੋਏ ਕੁਇੱਜ਼ ਮੁਕਾਬਲੇ ਦੌਰਾਨ ਵਿਦਿਆਰਥੀਆਂ ਨੇ ਗ਼ਦਰ ਲਹਿਰ ਦੇ ਇਤਿਹਾਸ ਬਾਰੇ ਢੁੱਕਵੇਂ ਸਵਾਲ ਦੇ ਕੇ ਜਿੱਥੇ ਨੌਜਵਾਨ ਪੀੜ੍ਹੀ ਦੀ ਗ਼ਦਰੀ ਬਾਬਿਆਂ ਨਾਲ ਇਤਿਹਾਸਕ ਤੰਦ ਦਾ ਸਬੂਤ ਦਿੱਤਾ, ਉਥੇ ਸਮਕਾਲੀ ਚੁਣੌਤੀਆਂ ਨਾਲ ਨਜਿੱਠਣ ਲਈ ਗ਼ਦਰੀ ਬਾਬਿਆਂ ਦੀ ਸੋਚ 'ਤੇ ਪਹਿਰਾ ਦੇਣ ਦੀ ਨਿਸ਼ਾਨਦੇਹੀ ਵੀ ਕੀਤੀ।

ਪੇਂਟਿੰਗ ਮੁਕਾਬਲਿਆਂ ਲਈ ਵਿਦਿਆਰਥੀਆਂ ਦਾ ਉਤਸ਼ਾਹ ਵੇਖਿਆਂ ਹੀ ਬਣਦਾ ਸੀ। ਪੇਂਟਿੰਗ ਮੁਕਾਬਲੇ ਵਿਚ ਪੰਜ ਸੌ ਤੋਂ ਵਧੇਰੇ ਵਿਦਿਆਰਥੀਆਂ ਨੇ ਹਿੱਸਾ ਲਿਆ। ਪੇਂਟਿੰਗ ਮੁਕਾਬਲੇ 'ਏ', 'ਬੀ ਤੇ 'ਸੀ' ਵਰਗਾਂ 'ਚ ਕਰਵਾਏ ਗਏ। ਗਰੱਪ 'ਏ' ਵਿਚ ਨਿਊ ਸੇਂਟ ਸੋਲਜ਼ਰ ਸੀਨੀਅਰ ਸਕੈਂਡਰੀ ਪਬਲਿਕ ਸਕੂਲ ਜਲੰਧਰ ਦੇ ਭਵਜੋਤ ਕੌਰ, ਜੀ.ਐਨ.ਡੀ.ਯੂ. ਲੁਧਿਆਣਾ ਦੇ ਵਰਿੰਦਰ ਸਿੰਘ ਅਤੇ ਕੰਨਿਆ ਮਹਾਂਵਿਦਿਆਲਿਆ, ਜਲੰਧਰ ਦੀ ਗੁਨਿਕਾ ਭਾ-ਟੀਆ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ। ਗਰੁੱਪ 'ਬੀ' ਵਿਚ ਸੇਂਟ ਸੋਲਜ਼ਰ ਇੰਟਰ ਕਾਲਜ, ਜਲੰਧਰ ਦੇ ਗੁਰ ਸਿਮਰਨ ਸਿੰਘ, ਪੁਲਿਸ ਡੀ.ਏ.ਵੀ. ਪਬਲਿਕ ਸਕੂਲ, ਜਲੰਧਰ ਦੀ ਸਿਮਰਨ ਤੇ ਸਰਕਾਰੀ ਹਾਈ ਸਕੂਲ, ਸੁੰਨੜ ਕਲਾਂ ਦੇ ਗੁਰਪ੍ਰੀਤ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ। ਗਰੁੱਪ 'ਸੀ' ਵਿਚ ਲਿਟਿਲ ਏਂਜ਼ਲਸ ਕੋ ਐਡ ਸਕੂਲ, ਕਪੂਰਥਲਾ ਦੀ ਕਿਰਨਪ੍ਰੀਤ ਕੌਰ, ਲਾਲਾ ਜਗਤ ਨਰਾਇਣ ਡੀ.ਏ.ਵੀ. ਮਾਡਲ ਸਕੂਲ, ਜਲੰਧਰ ਦੇ ਦੀਪਕ ਅਤੇ ਐਸ.ਪੀ.ਪਰਾਈਮ ਸੀਨੀਅਰ ਸਕੈਂਡਰੀ ਪਬਲਿਕ ਸਕੂਲ, ਜਲੰਧਰ ਦੇ ਰਜਨੀਸ਼ ਵਿਰਦੀ ਦੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਇਨਾਮ ਹਾਸਲ ਕੀਤਾ। ਇਸ ਤੋਂ ਇਲਾਵਾ 24 ਪ੍ਰਤੀਭਾਗੀਆਂ ਨੂੰ ਹੌਂਸਲਾ ਵਧਾਊ ਇਨਾਮ ਵੀ ਦਿਤੇ ਗਏ।




ਪੇਂਟਿੰਗ ਤੇ ਕੁਇੱਜ਼ ਮੁਕਾਬਲੇ ਦੇ ਇਨਾਮ ਕ੍ਰਮਵਾਰ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਹਰਦੀਪ ਸਿੰਘ ਦੂਹੜਾ ਤੇ ਜਸਵੀਰ ਕੌਰ ਦੂਹੜਾ ਅਤੇ ਭਾਈ ਰਣਜੀਤ ਸਿੰਘ ਦੀ ਯਾਦ ਵਿਚ ਗੁਰਪਾਲ ਸਿੰਘ ਚੱਠਾ ਅਤੇ ਮਲੂਕ ਸਿੰਘ ਬਾਧ ਅਤੇ ਪਰਿਵਾਰ ਵਲੋਂ ਆਪਣੇ ਬੱਚਿਆਂ ਬੱਚਿਆਂ ਗੁਰਬਖ਼ਸ਼ ਸਿੰਘ ਗੋਲਡੀ ਅਤੇ ਹਰਪੁਸ਼ਪਜੀਤ ਕੌਰ ਪੱਪ ਦੇ ਅਚਨਚੇਤ ਵਿੱਛੋੜੇ ਦੀ ਯਾਦ ਵਿਚ ਦਿਤੇ ਗਏ। ਅਮਿਤ, ਸੁਖਵੰਤ, ਗੁਰਦੀਸ਼ ਤੇ ਇੰਦਰਜੀਤ ਅਤੇ ਰਾਜੇਸ਼ ਨਾਗਰਾ ਨੇ ਜੱਜ ਦੀ ਭੂਮਿਕਾ ਨਿਭਾਈ। ਪੇਂਟਿੰਗ ਅਤੇ ਕਵਿਜ਼ ਮੁਕਾ-ਬਲੇ ਦੇ ਜੇਤੂਆਂ ਨੂੰ ਇਨਾਮ ਸਨਮਾਨ ਕਮੇਟੀ ਦੇ ਪ੍ਰਧਾਨ ਦਰਬਾਰਾ ਸਿੰਘ ਨੇ ਦਿਤੇ। ਜਰਨਲ ਸਕੱਤਰ ਡਾ ਰਘਵੀਰ ਕੌਰ, ਉਪ ਪ੍ਰਧਾਨ ਅਤੇ ਗ਼ਦਰ ਸ਼ਤਾਬਦੀ ਕਮੇਟੀ ਦੇ ਕੋਆਡੀਨੇਟਰ ਨੌਨਿਹਾਲ ਸਿੰਘ, ਕੋ-ਕੋਆਡੀਨੇਟਰ ਗੁਰ-ਮੀਤ, ਸਹਾਇਕ ਸਕੱਤਰ ਹਰਵਿੰਦਰ ਭੰਡਾਲ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਮੰਗਤ ਰਾਮ ਪਾਸਲਾ, ਡਾ ਵਰਿਆਮ ਸਿੰਘ ਸੰਧੂ, ਰਣਜੀਤ ਸਿੰਘ, ਸ਼ੀਤਲ ਸਿੰਘਾ, ਰਮਿੰਦਰ ਪਟਿਆਲਾ, ਬਲਵੀਰ ਕੌਰ ਬੁੰਡਾਲਾ, ਪ੍ਰਿਥੀਪਾਲ ਮਾੜੀਮੇਘਾ, ਹਰਵੀਰ ਕੌਰ ਬੰਨੂਆਣਾ, ਪ੍ਰਗਟ ਸਿੰਘ ਜਾਮਾਰਾਏ ਆਦਿ ਹਾਜ਼ਰ ਸਨ। ਸਭਿਆਚਾਰਕ ਵਿੰਗ ਦੀ ਪੂਰੀ ਟੀਮ ਅਤੇ ਵਲੰਟੀਅਰਾਂ ਦੀ ਭੂਮਿਕਾ ਸ਼ਲਾਘਾਯੋਗ ਸੀ।



ਇਸੇ ਤਰ੍ਹਾਂ ਕੁਇੱਜ਼ ਮੁਕਾਬਲੇ 'ਚ ਵਿਦਿਆਰਥੀਆਂ ਨੂੰ ਦੋ ਵਰਗਾਂ ਸੀਨੀਅਰ (25 ਸਾਲ) ਤੇ ਜੂਨੀਅਰ (15 ਸਾਲ) 'ਚ ਵੰਡਿਆ ਗਿਆ। ਕੁਇੱਜ਼ ਮੁਕਾਬਲੇ 'ਚ ਸੀਨੀਅਰ ਵਰਗ 'ਚ ਸੋਲਾਂ ਟੀਮ ਨੇ ਭਾਗ ਲਿਆ, ਜਦਕਿ ਜੂਨੀਅਰ ਅੱਠ ਟੀਮਾਂ ਨੇ ਹਿੱਸਾ ਲਿਆ। ਦੂਜੇ ਪਾਸੇ ਕੁਇੱਜ਼ ਮੁਕਾਬਲੇ ਲਈ ਕੁੱਲ 24 ਟੀਮਾਂ ਦੀ ਮੁੱਢਲੀ ਸਕਰੀਨਿੰਗ ਤੋਂ ਬਾਅਦ ਅੰਤਮ ਮੁਕਾਬਲੇ ਲਈ, ਦੋਵੇਂ ਗਰੁੱਪਾਂ 'ਚ ਪੰਜ-ਪੰਜ ਟੀਮਾਂ ਚੁਣੀਆਂ ਗਈਆਂ। ਕੁਇਜ਼ ਮੁਕਾਬਲੇ ਵਿਚ ਸੀਨੀਅਰ ਗਰੁੱਪ ਵਿਚ ਲਿਟਿਲ ਏਂਜ਼ਲਜ਼ ਕੋ ਐਜੂਕੇਸ਼ਨ ਸਕੂਲ ਕਪੂਰਥਲਾ ਦੀ ਟੀਮ ਨੇ ਪਹਿਲਾ ਸਥਾਨ ਜਦ ਕਿ ਬੀਬੀ ਗੁਲਾਬ ਕੌਰ ਸੁਸਾਇਟੀ ਕਪੂਰਥਲਾ ਅਤੇ ਗੁਰੂ ਨਾਨਕ ਖਾਲਸਾ ਗਲਰਜ਼ ਕਾਲਜ ਸੰਗ ਢੇਸੀਆਂ ਦੀਆਂ ਟੀਮਾਂ ਨੇ ਕ੍ਰਮਵਾਰ ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਜੂਨੀਅਰ ਗਰੱਪ ਵਿਚ ਵੀ ਲਿਟਿਲ ਏਂਜ਼ਲਜ਼ ਕੋ ਐਡ ਸਕੂਲ ਕਪੂਰਥਲਾ ਦੀ ਟੀਮ ਨੇ ਪਹਿਲਾ ਸਥਾਨ ਜਦ ਕਿ ਸੰਤ ਹੀਰਾ ਦਾਸ ਪਬਲਿਕ ਸੀਨੀਅਰ ਸਕੈਂਡਰੀ ਸਕੂਲ, ਕਾਲਾ ਸੰਘਿਆਂ ਅਤੇ ਗੁਰੂ ਨਾਨਕ ਖਾਲਸਾ ਗਲਰਜ਼ ਕਾਲਜ ਸੰਗ ਢੇਸੀਆਂ ਅਤੇ ਬੀਬੀ ਗੁਲਾਬ ਕੌਰ ਸੁਸਾਇਟੀ ਕਪੂਰਥਲਾ ਦੀਆਂ ਟੀਮਾਂ ਨੇ ਕ੍ਰਮਵਾਰ ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਕੁਇੱਜ਼ ਮੁਕਾਬਲੇ ਦੀ ਖ਼ਾਸ ਗੱਲ ਇਹ ਰਹੀ ਕਿ ਜੂਨੀਅਰ ਗਰੁੱਪ ਦੀਆਂ ਦੋ ਟੀਮਾਂ ਨੇ ਸੀਨੀਅਰ ਗਰੁੱਪ ਲਈ ਕਵਾਲੀਫਾਈ ਹੀ ਨਹੀਂ ਕੀਤਾ ਸਗੋਂ ਇਨਾਮ ਵੀ ਹਾਸਲ ਕੀਤੇ। ਕੁਇੱਜ਼ ਮੁਕਾਬਲੇ ਦਾ ਸੰਚਾਲਨ ਕੇਮਟੀ ਦੇ ਸਹਾਇਕ ਸਕੱਤਰ ਹਰਵਿੰਦਰ ਭੰਡਾਲ ਨੇ ਬਾਖ਼ੂਬੀ ਕੀਤਾ।

# ਦਲਵੀਰ 'ਦਿਲ' ਨਿੱਜਰ ਦੀਆਂ ਦੋ ਕਾਵਿ ਪੁਸਤਕਾਂ 'ਪਰਵਾਜ਼-ਏ-ਦਿਲ ਅਤੇ 'ਦਿਲ ਦਹਿਲੀਜ਼' ਲੋਕ ਅਰਪਿਤ ਕੀਤੀਆ ਗਈਆਂ









ਕੈਲੇਫੋਰਨੀਆ- ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੇ ਪ੍ਰਧਾਨ ਦਲਵੀਰ 'ਦਿਲ' ਨਿੱਜਰ ਦੇ ਗ੍ਰਹਿ ਵਿਖੇ ਸਮੁੱਚੀ ਪੰਜਾਬੀ ਸਾਹਿਤ ਸਭਾ, ਵਿਸ਼ਵ ਪੰਜਾਬੀ ਸਾਹਿਤ ਅਕੈਡਮੀ, ਸਾਹਿਤਕਾਰ ਵੀਰਾਂ ਭੈਣਾਂ ਅਤੇ ਹੋਰ ਦੋਸਤਾਂ ਮਿੱਤਰਾਂ ਅਤੇ ਰਿਸ਼ਤੇਦਾਰਾਂ ਦੇ ਭਰਵੇਂ ਇੱਕਠ ਵਿੱਚ ਅਕਤੂਬਰ 27, 2013 ਨੂੰ ਲੋਕ ਅਰਪਿਤ ਕੀਤੀਆ ਗਈਆਂ।

ਪ੍ਰਧਾਨਗੀ ਮੰਡਲ ਵਿੱਚ ਉਚੇਚੇ ਤੌਰ ਤੇ ਇੰਡੀਆ ਤੋਂ ਆਏ ਪ੍ਰਿੰਸੀਪਲ ਸਵਿੰਦਰ ਸਿੰਘ ਛੀਨਾ' ਨਾਵਲਕਾਰ ਇੰਦਰ ਸਿੰਘ ਖ਼ਾਮੋਸ਼, ਦਲਵੀਰ 'ਦਿਲ' ਨਿੱਜਰ, ਉਨ੍ਹਾਂ ਦੀ ਮਾਤਾ ਸ੍ਰੀ ਮਹਿੰਦਰ ਕੌਰ ਅਤੇ ਸੁਪੱਤਨੀ ਮਨਜੀਤ ਕੌਰ ਸ਼ਸੋਬਿਤ ਸਨ।

ਸਭਾ ਦੇ ਸੈਕਟਰੀ ਜਸਵੰਤ ਸ਼ੀਮਾਰ ਨੇ ਸਟੇਜ ਦੀ ਜਿਮੇਵਾਰੀ ਸੰਭਾਲਦਿਆਂ ਸਭ ਤੋਂ ਪਹਿਲਾਂ ਦਲਵੀਰ 'ਦਿਲ' ਨਿੱਜਰ ਨੂੰ ਆਪਣੇ ਸਾਹਿਤਕ ਸਫ਼ਰ ਵਾਰੇ ਚਾਨਣਾ ਪਾਉਣ ਲਈ ਸੱਦਾ ਦਿੱਤਾ।

ਦਲਵੀਰ 'ਦਿਲ' ਨਿੱਜਰ ਨੇ ਆਪਣੇ ਸਾਹਿਤਕ ਜੀਵਨ ਦੀਆਂ ਯਾਦਾਂ ਨੂੰ ਬਹੁਤ ਹੀ ਸੰਖੇਪ ਅਤੇ ਭਾਵਕਤਾ ਨਾਲ ਸਾਝਿਆਂ ਕੀਤਾ।

ਇਸ ਤੋਂ ਬਾਅਦ ਗੀਤ ਸੰਗੀਤ ਦੇ ਪ੍ਰੋਗਰਾਮ ਵਿੱਚ ਪ੍ਰਸਿਧ ਗਾਇਕ ਜਤਿੰਦਰ ਜਰਗੀਆ, ਪ੍ਰਿੰਸੀਪਲ ਹਰਜਿੰਦਰ ਸਿੰਘ ਮੱਟੂ, ਮੰਗਜੀਤ ਮੰਗਾ ਅਤੇ ਸਾਥੀ, ਉਸਤਾਦ ਕਮਲਜੀਤ ਸਿੰਘ, ਜੀਵਨ ਰੱਤੂ, ਗੋਗੀ ਸੰਧੂ ਅਤੇ ਰਮੇਸ਼ ਬੰਗੜ ਵਲੋਂ ਦਿਲ ਨਿੱਜਰ ਦੀਆਂ ਨਵੀਆਂ ਕਿਤਾਬਾਂ ਵਿੱਚੋਂ ਗੀਤ ਗਾ ਕੇ ਸਰੋਤਿਆ ਦਾ ਭਰਪੂਰ ਮੰਨੋਰੰਜਨ ਕੀਤਾ।

ਉਪਰੰਤ ਹਾਜ਼ਿਰ ਪਤਵੰਤੇ ਸੱਜਣਾਂ ਵਲੋਂ ਦਲਵੀਰ 'ਦਿਲ' ਨਿੱਜਰ ਦੀਆ ਕਿਤਾਬਾਂ ਨੂੰ ਲੋਕ ਅਰਪਿਤ ਕਰਨ ਦੀ ਰਸਮ ਅਦਾ ਕੀਤੀ ਗਈ। ਅਤੇ ਨਿੱਜਰ ਦੀ ਮਾਤਾ ਸਮੇਤ ਸਾਰੀਆਂ ਹਾਜ਼ਿਰ ਬਜ਼ੁਰਗ ਮਾਤਾਵਾਂ ਨੂੰ ਸਟੇਜ ਤੇ ਬੁਲਾਕੇ ਇਸ ਰਸਮ ਵਿੱਚ ਸ਼ਾਮਿਲ ਕਰਦਿਆਂ ਅਸ਼ੀਰਵਾਦ ਲਿਆ ਗਿਆ। ਮੁੱਖ ਮਹਿਮਾਨ ਪ੍ਰਿੰਸੀਪਲ ਸਵਿੰਦਰ ਸਿੰਘ ਛੀਨਾ ਨੇ ਕਿਤਾਬਾਂ ਵਾਰੇ ਅਤੇ ਦਿਲ ਨਿੱਜਰ ਦੇ ਸਾਹਿਤਕ ਜੀਵਨ ਵਾਰੇ ਚਾਨਣਾ ਪਾਇਆ।


ਉਪਰੋਕਤ ਕਿਤਾਬਾਂ ਸੰਬੰਧੀ ਨੀਲਮ ਸੈਣੀ ਅਤੇ ਜੱਸ ਫ਼ਿਜ਼ਾਂ ਵਲੋਂ ਆਪਣੇ ਲਿਖੇ ਪਰਚੇ ਪੜੇ ਗਏ। ਵਿਪਸਾ ਦੇ ਚੇਅਰਮੈਨ ਸੁਖਵਿੰਦਰ ਕੰਬੋਜ਼ ਵਲੋਂ 'ਦਿਲ' ਨਿੱਜਰ ਦੀਆ ਕਿਤਾਬਾਂ ਸੰਬੰਧੀ ਵਿਸਤਾਰ ਪੂਰਵਕ ਹਵਾਲੇ ਤੇ ਟੂਕਾਂ ਦੇ ਕੇ ਚਰਚਾ ਕੀਤੀ ਗਈ ਅਤੇ ਪ੍ਰਿੰਸੀਪਲ ਹਰਜਿੰਦਰ ਸਿੰਘ ਮੱਟੂ ਨੇ ਵੀ ਕਿਤਾਬਾਂ ਦੀ ਸਮੀਖਿਆ ਕਰਦੇ ਹੋਏ ਆਪਣੇ ਵਿਚਾਰ ਦਿੱਤੇ ਅਤੇ ਉਸਾਰੂ ਸੁਝਾਅ ਪੇਸ਼ ਕੀਤੇ। ਇਨ੍ਹਾਂ ਤੋਂ ਇਲਾਵਾ ਹੇਠ ਲਿਖੇ ਹਾਜ਼ਿਰ ਸਹਿਤਕਾਰਾਂ ਵਲੋਂ ਆਪਣੇ ਅਨਮੋਲ ਵਿਚਾਰ ਪੇਸ਼ ਕੀਤੇ ਗਏ। ਮਹਿੰਦਰ ਸਿੰਘ ਘੱਗ, ਹਰਬੰਸ ਸਿੰਘ ਜਗਿਆਸੂ, ਰਾਠੇਸ਼ਵਰ ਸਿੰਘ ਸੂਰਾਪੁਰੀ, ਇੰਦਰ ਸਿੰਘ ਖ਼ਾਮੋਸ਼, ਮੇਜਰ ਕੁਲਾਰ ਬੋਪਾਰਾਏ, ਪ੍ਰੇਮ ਚੁੰਬਰ (ਮੁੱਖ ਸੰਪਾਦਕ 'ਦੇਸ ਦੁਆਬਾ', ਹਰਿਭਜਨ ਢੇਰੀ, ਮੇਜਰ ਭੁਪਿ-ੰਦਰ ਦਲੇਰ, ਕੁਲਵਿੰਦਰ ਗ਼ਜ਼ਲਗੋ, ਇੰਦਰਜੀਤ ਗਰੇਵਾਲ, ਜਸਵੰਤ ਸ਼ੀਮਾਰ,ਤਾਰਾ ਸਾਗਰ, ਕਮਲ ਬੰਗਾ, ਗੁਰਿੰਦਰ ਸੂਰਾਪੁਰੀ,ਰਮੇਸ਼ ਬੰਗੜ,ਤੇਤਿੰਦਰ ਕੌਰ, ਅਜੈਬ ਚੀਮਾ, ਜਾਨ ਬੰਗਾ, ਕਿਰਨਦੀਪ ਰਾਨੂੰ, ਰਾਇਲ ਪੰਜਾਬੀ ਕਲੱਬ ਦੇ ਪ੍ਰਧਾਨ ਬਲਿਹਾਰ ਸਿੰਘ ਰਾਨੂੰ , ਕਸ਼ਮੀਰ ਸਿੰਘ ਥਾਂਦੀ, ਬਲਵੀਰ ਸਿੰਘ ਸਮਰਾ, ਮਲਵਿੰਦਰ ਸੰਧੂ, ਕੈਨੀ ਵਿਰਕ, ਰਾਜਦੀਪ, ਤਰਲੋਚਨ ਨਾਗਰਾ, ਦਲਜੀਤ ਸੂਦ, ਬਲਜਿੰਦਰ ਪੁਰੇਵਾਲ, ਇੰਦਰਜੀਤ ਗਿੱਲ, ਮਨਮੋਹਨ ਪੁਰੇਵਾਲ, ਰਣਜੀਤ ਕੌਰ, ਜੋਗਿੰਦਰ ਮੱਟੂ, ਲਾਜ ਸੈਣੀ, ਅਸ਼ਵਨੀ ਅਤੇ ਅਨੀਤਾ ਵੈਟ, ਨਿਰਮਲ ਅਤੇ ਸੋਨੀਆ, ਰਾਜ ਅਤੇ ਸੀਮਾ ਨਰੂਲਾ, ਗੁਰਪਾਲ ਸਿੱਧੂ, ਹੀਰਾ ਪਰਿਵਾਰ, ਚਰਨਜੀਤ ਢਿਲੋਂ, ਸੰਧੂ ਪਰਿਵਾਰ ਅਤੇ ਹੋਰ ਕਈ ਮਿੱਤਰ ਦੋਸਤਾਂ ਨੇ ਪਰਿਵਾਰਾਂ ਸਮੇਤ ਹਾਜ਼ਰੀ ਭਰੀ ਅਤੇ ਇਸ ਸਮਾਗਮ ਦੀ ਰੌਣਕ ਵਧਾਈ। ਇਸ ਤੋਂ ਬਾਅਦ ਕਵੀ ਦਰਬਾਰ ਹੋਇਆ ਅਤੇ ਪ੍ਰੋਗਰਾਮ 7 ਵਜੇ ਤੱਕ ਚਲਦਾ ਰਿਹਾ।

------------

# ਗੋਲਡਨ ਪੰਜਾਬ ਕਲੱਬ ਵਲੋਂ ਕਰਵਾਏ ਸਭਿਆਚਾਰਕ ਪ੍ਰੋਗਰਾਮ 'ਰੂਪ ਪੰਜਾਬਣ' ਦੀ ਪੇਸ਼ਕਾਰੀ ਬੇਹੱਦ ਸਫਲ ਰਹੀ















ਯੂਨੀਅਨ ਸਿਟੀ: ਬੀਤੇ ਦਿਨੀਂ ਗੋਲਡਨ ਪੰਜਾਬ ਕਲੱਬ ਵਲੋਂ ਯੂਨੀਅਨ ਸਿਟੀ ਸਪੋਰਟਸ ਸੈਂਟਰ ਵਿਖੇ ਨਿਰੋਲ ਔਰਤਾਂ ਲਈ ਕਰਵਾਇਆ ਸਭਿਆਚਾਰਕ ਪ੍ਰੋਗਰਾਮ 'ਰੂਪ ਪੰਜਾਬਣ ਦਾ' ਦੀ ਪੇਸ ਕਾਰੀ ਬੇਹੱਦ ਸਫ਼ਲ ਰਹੀ। ਇਸ ਪ੍ਰੋਗਰਾਮ ਵਿਚ ਬੱਚੀਆਂ, ਮੁਟਿਆਰਾਂ ਅਤੇ ਬਜ਼ੁਰਗ ਔਰਤਾਂ ਨੇ ਬੜੇ ਸ਼ੌਕ ਨਾਲ ਭਾਗ ਲਿਆ।

ਰਾਜ ਖਹਿਰਾ, ਮਨਜੀਤ ਕੌਰ ਸੈਨਹੋਜ਼ੇ, ਸੁਰਜੀਤ ਕੌਰ ਵਿਰਦੀ, ਭੁਪਿੰਦਰ ਕੌਰ, ਗੁਰਮੀਤ ਕੌਰ ਸ਼ੀਨਾ ਅਤੇ ਭੁਪਿੰਦਰ ਹੋਠੀ , ਦਵਿੰਦਰ ਦੀਪ ਸਰਾਂ ਆਦਿ ਨੇ ਗੀਤਾਂ ਦੀ ਛਹਿਬਰ ਲਾਈ। ਸਥਾਨਕ ਲੋਕ ਗਾਇਕਾ ਹਰਜੀਤ ਕੌਰ ਜੀਤੀ ਨੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ। ਪ੍ਰੀਤਪਾਲ ਸਮਰਾ, ਮਨਵੀਰ ਗਰੇਵਾਲ, ਕਿਰਨ, ਆਂਚਲ ਹੋਠੀ ਅਤੇ ਅਨਿਕਾ ਨੇ ਸਭਿਆਚਾਰਕ ਗੀਤਾਂ ਨਾਲ ਨੱਚ ਕੇ ਸਰੋਤਿਆਂ ਨੂੰ ਪ੍ਰਭਾਵਿਤ ਕੀਤਾ।

ਟਰੇਸੀ ਤੀਆਂ (ਨੋਨੀ ਮੁਹਾਰ), ਅਜੇ ਅਕੈਡਮੀ ਸੈਨਹੋਜ਼ੇ (ਗੋਗੀ ਅਤੇ ਜਸਪਾਲ ਸਿੰਘ), ਪਾਲੀ ਧਨੌਲਾ, ਭੁਪਿੰਦਰ ਹੋਠੀ ਅਤੇ ਗਿੰਨੀ ਬੇਦੀ ਦੀ ਦੇਖ-ਰੇਖ ਤਿਆਰ ਕਰਵਾਈਆਂ ਟੀਮਾਂ ਨੇ ਗਿੱਧੇ ਵਿਚ ਧਮਾਲਾਂ ਪਾਈਆਂ ਅਤੇ ਇਹ ਸਿੱਧ ਕਰ ਦਿੱਤਾ ਕਿ ਪੰਜਾਬੀ ਸਭਿਆਚਾਰ ਤੇ ਕਿੰਨਾ ਵੀ ਕਸ਼ਟ ਕਿਉਂ ਨਾ ਆਵੇ ਗਿੱਧੇ ਦੀ ਸ਼ਾਨ ਸਦਾ ਇਸੇ ਤਰ੍ਹਾਂ ਹੀ ਬਰਕਰਾਰ ਰਹੇਗੀ। ਸੁੰਦਰਤਾ ਮੁਕਾਬਲੇ ਵਿਚ ਕਿਰਨਦੀਪ ਕੌਰ ਪਹਿਲੇ, ਜਸਪ੍ਰੀਤ ਕਲੇਰ ਦੂਜੇ ਅਤੇ ਆਂਚਲ ਹੋਠੀ ਤੀਜੇ ਸਥਾਨ ਤੇ ਰਹੀ।

ਇਸ ਮੁਕਾਬਲੇ ਦੇ ਜੱਜ ਕੁਲਮੀਤ ਕੌਰ ਜੱਜ, ਦਵਿੰਦਰ ਦੀਪਸਰਾਂ, ਜਸਵਿੰਦਰ ਧਨੋਆ ਅਤੇ ਨੋਨੀ ਮੁਹਾਰ ਸਨ। ਇਨਾਂ ਜੇਤੂ ਪੰਜਾਬਣਾਂ ਨੂੰ ਰੌਸ਼ਨੀ, ਕੈਸ਼ ਫੈਬਰਿਕ ਅਤੇ ਰਾਇਲ ਫ਼ੈਬਰਿਕ ਵਲੋਂ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਇਨਾਮ ਦਿੱਤੇ ਗਏ।

ਮੰਚ ਸੰਚਾਲਨ ਨੀਲਮ ਸੈਣੀ ਨੇ ਕੀਤਾ। ਕੱਪੜੇ, ਗਹਿਣਿਆਂ, ਮਹਿੰਦੀ ਅਤੇ ਖਾਣੇ ਦੇ ਸਟਾਲਾਂ ਤੇ ਚਹਿਲ-ਪਹਿਲ ਬਣੀ ਰਹੀ।

ਇਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਵਿਚ ਰੌਸ਼ਨੀ, ਕੈਸ਼. ਫੈਬਰਿਕ, ਸ਼ਾਲੀਮਾਰ, ਰਾਇਲ ਫੈਬਰਿਕ, ਸੰਗਰਾਮ ਪੈਲੇਸ, ਫਰੀਮਾਂਟ ਟਿਊਟੋਰੀਅਲ ਹੋਮ, ਵੈਲਜ਼. ਫਾਰਗੋ (ਸਹਾਇਤਾ ਸੰਸਥਾ ਦੇ ਕਰਤਾ-ਧਰਤਾ ਸ. ਸਰੂਪ ਸਿੰਘ ਝੱਜ ਦੀ ਬੇਟੀ ਬਨੀਤ ਸੀਨੀਅਰ ਬੈਂਕਰ), ਸਰਾਏ ਟਰਕਿੰਗ, ਹੈਵਨ ਬਿਊਟੀ ਸਪਾਟ ਯੂਨੀਅਨਸਿਟੀ, ਲੋਟਸ ਇੰਡੀਅਨ ਐਕਸਪ੍ਰੈਸ ਆਦਿ ਨੇ ਵਿਸ਼ੇਸ਼ ਭੂਮਿਕਾ ਨਿਭਾਈ। ਕਲੱਬ ਦੇ ਪ੍ਰਧਾਨ ਦਰਸ਼ਨ ਔਜਲਾ ਜੀ ਨੇ ਸਮੂਹ ਕਲਾਕਾਰਾਂ , ਸਰੋਤਿਆਂ ਅਤੇ ਸਪਾਸਰਾਂ ਦਾ ਧੰਨਵਾਦ ਕੀਤਾ ਹੈ।

ਦੇਸ਼ ਦੁਆਬਾ

# "ਛਾਂਗਿਆ ਰੁੱਖ" ਦਾ ਲੜੀਵਾਰ ਪ੍ਰਕਾਸ਼ਨ





ਬਲਵੀਰ ਮਾਧੋਪੁਰੀ
91-935-054-8100


ਬਲਬੀਰ ਮਾਧੋਪੁਰੀ ਲੱਗਭੱਗ ਸਾਢੇ ਤਿੰਨ ਦਹਾਕਿਆਂ ਤੋਂ ਪੰਜਾਬੀ ਸਾਹਿਤ ਸਿਰਜਣਾ ਤੇ ਉਸ ਦੇ ਗੰਭੀਰ ਸਰੋਕਾਰਾਂ ਨਾਲ ਬੜੀ ਸੰਜੀਦਗੀ ਨਾਲ ਗਹਿਗੱਚ ਰੂਪ ਵਿਚ ਜੁੜਿਆ ਹੋਇਆ ਹੈ। ਉਸ ਦਾ ਸਾਹਿਤਕ ਕਾਰਜ ਨਿਮਾਣੇ-ਨਿਤਾਣੇ, ਦੱਬੇ-ਕੁਚਲੇ, ਦਲਿਤਾਂ ਤੇ ਅਧਿਕਾਰਹੀਣ ਲੋਕਾਂ ਲਈ ਅਧਿਕਾਰ ਚੇਤਨਾ ਅਤੇ ਸਮਾਜਿਕ, ਸਭਿਆਚਾਰਕ ਤੇ ਆਰਥਿਕ ਕ੍ਰਾਂਤੀ ਦਾ ਤਿੱਖਾ ਹਥਿਆਰ ਹੈ। ਉਸ ਦੀ ਸਮੁੱਚੀ ਸਾਹਿਤ ਰਚਨਾ ਵਿਚਲਾ ਸਮਾਜਿਕ ਯਥਾਰਥ, ਮਾਨਵਵਾਦੀ, ਪ੍ਰਗਤੀਵਾਦੀ ਤੇ ਤਰਕਸ਼ੀਲ ਵਿਚਾਰਧਾਰਾ ਨੂੰ ਸੁਹਿਰਦਤਾ ਤੇ ਸਹਿਜ ਸੰਗ ਸਮਰਪਿਤ ਹੈ। ਇਸੇ ਕਰਕੇ ਉਸਦੇ ਸਾਹਿਤ ਸੰਸਾਰ ਬਾਰੇ ਕਿਹਾ ਜਾਂਦਾ ਹੈ ਕਿ ਉਹ ਲੋਕਤੰਤਰ ਵਿਚ ਆਪੋਜੀਸ਼ਨ ਦੀ ਭੂਮਿਕਾ ਨਿਭਾਉਂਦਾ ਹੈ। ਮਾਧੋਪੁਰੀ ਨਿੱਝਕ ਹੋ ਕੇ ਕਹਿੰਦਾ ਹੈ ਕਿ ਉਸ ਦੀ ਸਵੈਜੀਵਨੀ "ਛਾਂਗਿਆ ਰੁੱਖ" ਨੇ ਉਸ ਦੀ ਦੇਸ਼-ਵਿਦੇਸ਼ ਵਿਚ ਬਤੌਰ ਦਲਿਤ ਲੇਖਕ ਪਛਾਣ ਬਣਾਈ ਹੈ। ਇਸ ਸਵੈ ਜੀਵਨੀ ਦੇ ਪੰਜਾਬੀ ਵਿਚ ਹੁਣ ਤੱਕ 7 ਸੰਸਕਰਣ ਛਪ ਚੁੱਕੇ ਹਨ। ਹਿੰਦੀ, ਸ਼ਾਹਮੁਖੀ (ਪਾਕਿਸਤਾਨ) ਤੇ ਅੰਗਰੇਜ਼ੀ ਵਿਚ ਔਕਸਫੋਰਡ ਯੂਨੀਵਰਸਿਟੀ ਪ੍ਰੈਸ ਵੱਲੋਂ ਇਸ ਦੇ ਅਨੁਵਾਦ ਪ੍ਰਕਾਸ਼ਨਾਵਾਂ ਨੇ ਜਿੱਥੇ ਲੇਖਕ ਨੂੰ ਵੱਡੇ ਪੱਧਰ ਉਤੇ ਸ਼ੋਹਰਤ ਦਿਵਾਈ, ਉਥੇ ਦਲਿਤ ਸਮੱਸਿਆ, ਮੁੱਦਿਆਂ ਤੇ ਮਾਨਵੀ ਅਧਿਕਾਰਾਂ ਦੀ ਲੜਾਈ ਸਬੰਧੀ ਕੌਮਾਂਤਰੀ ਭਾਈਚਾਰੇ ਦੇ ਧਿਆਨ ਗੋਚਰੇ ਢੁਕਵੇਂ ਸਵਾਲ ਉਠਾਏ। ਬਲਬੀਰ ਦੀ ਇਹ ਸਵੈਜੀਵਨੀ ਨਿੱਜਮੁਖੀ ਹੁੰਦਿਆਂ ਹੋਇਆਂ ਵੀ ਭਾਰਤ ਦੇ ਸਮੂਹ ਦਲਿਤਾਂ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਦੱਸਣਾ ਉਚਿਤ ਹੋਵੇਗਾ ਕਿ ਪੰਜਾਬੀ ਦੀ ਇਹ ਪਹਿਲੀ ਸਵੈਜੀਵਨੀ ਹੈ, ਜਿਸ ਨੂੰ ਔਕਸਫੋਰਡ ਯੂਨੀਵਰਸਿਟੀ ਪ੍ਰੈਸ ਨੇ ਛਾਪਿਆ। ਉਤਰੀ ਭਾਰਤ ਦੀ ਵੀ ਇਹ ਪਹਿਲੀ ਦਲਿਤ ਸਵੈਜੀਵਨੀ ਹੈ ਜਿਸ ਉਤੇ ਔਕਸਫੋਰਡ ਨੇ ਆਪਣੇ ਪ੍ਰਕਾਸ਼ਨ ਦਾ ਠੱਪਾ ਲਾਇਆ। ਕਹਿਣਾ ਵਾਜਬ ਜਾਪਦਾ ਹੈ ਕਿ ਬਲਬੀਰ ਦੀ ਇਹ ਸਵੈਜੀਵਨੀ ਦੁਆਬਾ, ਪੰਜਾਬ (ਭਾਰਤ) ਦੀ ਜ਼ਰਖੇਜ਼ ਸਮਾਜਿਕ ਸਾਹਿਤ ਤੇ ਸਭਿਆਚਾਰਕ ਧਰਤੀ ਦੀ ਉਪਜ ਹੈ। ਉਥੇ ਕਦੇ ਦੇਸ਼ ਦੀ ਆਜ਼ਾਦੀ ਖਾਤਰ ਗ਼ਦਰ ਲਹਿਰ ਬੱਬਰ ਅਕਾਲੀ ਲਹਿਰ ਅਤੇ ਦੇਸ਼ ਦੇ ਲੋਕਾਂ ਦੇ ਹਿੱਤਾਂ ਤੇ ਹੱਕਾਂ ਲਈ ਕਮਿਊਨਿਸਟ ਲਹਿਰ ਤੇ ਆਦਿ ਧਰਮ ਲਹਿਰਾਂ ਉਠੀਆਂ ਸਨ।

ਉਪਰੋਕਤ ਸਾਰੇ ਤੱਤਾਂ-ਤੱਥਾਂ ਦਾ ਸਾਰ ਇਹ ਹੈ ਕਿ ਅਖਬਾਰ "ਦੇਸ਼ ਦੁਆਬਾ" ਪੰਜਾਬੀ ਦੀ ਇਸ ਸ਼ਾਹਕਾਰ ਰਚਨਾ 'ਛਾਂਗਿਆ ਰੁੱਖ' ਦਾ ਲੜੀਵਾਰ ਪ੍ਰਕਾਸ਼ਨ ਅਗਲੇ ਅੰਕ ਤੋਂ ਕਰਨ ਦੀ ਖੁਸ਼ੀ ਲੈ ਰਿਹਾ ਹੈ। ਇਹ ਦੱਸਣਾ ਵੀ ਉਚਿਤ ਹੋਵੇਗਾ ਕਿ ਬਲਬੀਰ ਮਾਧੋਪੁਰੀ ਨੇ ਹੁਣ ਤੱਕ ਪੰਜਾਬੀ ਸਾਹਿਤ ਨੂੰ 12 ਮੂਲ ਪੁਸਤਕਾਂ, 25 ਪੁਸਤਕਾਂ ਦੇ ਅਨੁਵਾਦ ਅਤੇ 36 ਪੁਸਤਕਾਂ ਦਾ ਸੰਪਾਦਨ ਕਰਕੇ ਵਿਲੱਖਣ ਯੋਗਦਾਨ ਪਾਇਆ ਹੈ।

*ਪਾਠਕਾਂ ਦੇ ਭਰਵੇਂ ਹੁੰਗਾਰੇ ਦੀ ਉਡੀਕ ਰਹੇਗੀ।*
*ਤਰਸੇਮ ਜਲੰਧਰੀ, ਸੰਪਾਦਕ*







# ਕਾਫ਼ਲੇ ਨੇ ਗ਼ਦਰੀ ਬਾਬਿਆਂ ਅਤੇ ਬੱਬਰਾਂ ਦੇ ਪਿੰਡਾਂ ਦੀ ਜ਼ਿਆਰਤ ਕੀਤੀ

**ਡਾ. ਜਸਵੰਤ ਰਾਏ ਸਾਹਰੀ, ਕੁਲਤਾਰ ਸਿੰਘ 'ਕੁਲਤਾਰ'**

ਦੇਸ਼ ਭਗਤ ਯਾਦਗਾਰੀ ਕਮੇਟੀ ਦੇ ਸੱਦੇ ਤੇ ਗ਼ਦਰੀ ਬਾਬਿਆਂ ਦਾ ਸ਼ਤਾਬਦੀ ਵਰ੍ਹਾ ਮਨਾਉਣ ਦੀ ਇਕ ਕੜੀ ਵਜੋਂ ਹੁਸ਼ਿਆਰਪੁਰ ਜ਼ਿਲੇ ਦੇ ਸ਼ਹੀਦ ਗ਼ਦਰੀ ਬਾਬਿਆਂ ਅਤੇ ਬੱਬਰਾਂ ਦੇ ੮ ਪਿੰਡਾਂ ਵਿਚ ਇਕ ਕਾਫ਼ਲੇ ਦੇ ਰੂਪ ਵਿਚ ਜਾ ਕੇ ਇਨ੍ਹਾਂ ਸ਼ਹੀਦਾਂ ਨੂੰ ਯਾਦ ਕੀਤਾ ਗਿਆ। ਗ਼ਦਰ ਪਾਰਟੀ ਦੇ ਝੰਡਿਆਂ ਨਾਲ ਸੱਜੇ ਮੋਟਰਸਾਈਕਲਾਂ ਅਤੇ ਕਾਰਾਂ ਦਾ ਕਾਫ਼ਲਾ ਪਿੰਡ ਨਸਰਾਲਾ ਤੋਂ ਸ਼ੁਰੂ ਹੋ ਕੇ ਗ਼ਦਰੀ ਬਾਬਾ ਬਾਬੂ ਹਰਨਾਮ ਸਿੰਘ ਸਾਹਰੀ ਅਤੇ ਗ਼ਦਰੀ ਬਾਬਾ ਵਤਨ ਸਿੰਘ ਦੇ ਪਿੰਡ ਕਾਹਰੀ ਹੁਰਾਂ ਦੀ ਕੁਰਮਾਨੀ ਨੂੰ ਯਾਦ ਕਰਦਾ ਹੋਇਆ ਪਿੰਡ ਸਾਹਰੀ ਪਹੁੰਚਾ। ਇਥੇ ਸੈਂਕੜੇ ਲੋਕਾਂ ਨੇ ਕਾਫ਼ਲੇ ਦਾ ਨਿੱਘਾ ਸਵਾਗਤ ਕੀਤਾ ਜੋ ਕਾਫ਼ੀ ਸਮੇਂ ਤੋਂ ਜੱਥੇ ਦੀ ਉਡੀਕ ਕਰ ਰਹੇ ਸਨ।ਮੋਟਰ ਸਾਈਕਲਾਂ ਉੱਤੇ ਗ਼ਦਰ ਪਾਰਟੀ ਦੇ ਝੂਲਦੇ ਹੋਏ ਝੰਡੇ ਅਦੁੱਤੀ ਨਜ਼ਾਰਾ ਪੇਸ਼ ਕਰ ਰਹੇ ਹਨ।

ਇੰਨਕਲਾਬ ਜ਼ਿੰਦਾਬਾਦ
ਗ਼ਦਰ ਪਾਰਟੀ ਜ਼ਿੰਦਾਬਾਦ



ਗ਼ਦਰੀ ਬਾਬੇ ਅਮਰ ਰਹਿਣ
ਅਤੇ
ਦੇਸ਼ ਨੂੰ ਚੱਲੋ ਦੇਸ਼ ਨੂੰ ਚੱਲੋ
ਦੇਸ਼ ਮਾਂਗਤਾ ਹੈ ਕੁਰਬਾਨੀਆਂ।
ਕਾਹਤੋਂ ਪ੍ਰਦੇਸ਼ਾਂ ਵਿਚ ਰੋਲੀਏ ਜਵਾਨੀਆਂ....

ਆਦਿ ਗੀਤਾਂ ਅਤੇ ਨਾਅਰਿਆਂ ਦੀਆਂ ਅਵਾਜ਼ਾਂ ਨੌਜਵਾਨਾਂ ਵਿਚ ਜੋਸ਼ ਭਰ ਰਹੀਆਂ ਸਨ।ਜਦੋਂ ਇਹ ਕਾਫਲਾ ਪਿੰਡਾਂ ਵਿਚੀਂ ਲੰਘ ਰਿਹਾ ਸੀ ਤਾਂ ਲੋਕ ਰਾਹਾਂ 'ਚ ਖੜ੍ਹ-ਖੜ੍ਹ ਦੇਖ ਰਹੇ ਸਨ ਕਿ ਅੱਜ ਕਿਹੜਾ ਤਿਉਹਾਰ ਹੈ!ਸਵੇਰ ਨੌਂ ਵਜੇ ਕਾਫਲਾ ਪਿੰਡ ਸਾਹਰੀ ਗੁਰਦਵਾਰਾ ਸੰਤ ਬਾਬਾ ਸੱਤਪਾਲ ਸਿੰਘ ਜੀ ਵਿਖੇ ਪਹੁੰਚਾ। ਡਾ ਜਸਵੰਤ ਰਾਏ ਨੇ ਕਾਫ਼ਲੇ ਨੂੰ ਜੀ ਆਇਆਂ ਆਖਦਿਆਂ ਆਪਣੇ ਪਿੰਡ ਸਾਹਰੀ ਦੇ ਗ਼ਦਰੀ ਬਾਬਾ ਬਾਬੂ ਹਰਨਾਮ ਸਿੰਘ ਸਾਹਰੀ ਦੇ ਜੀਵਨ ਬਿਰਤਾਂਤ ਬਾਰੇ ਟਿੱਪਣੀ ਕਰਦਿਆਂ ਕਿਹਾ ਕਿ ਬਾਬੂ ਹਰਨਾਮ ਸਿੰਘ ਸਾਹਰੀ ਨੇ ੧੯੧੦ ਈ. ਵਿਚ ਕੈਲੇਫੋਰਨੀਆ ਦੀ ਧਰਤੀ ਉੱਤੇ ਪਹਿਲਾ ਪੰਜਾਬੀ ਅਖਬਾਰ 'ਸਵਦੇਸ਼ ਸੇਵਕ' ਚਲਾ ਕੇ ਇੱਕ ਤਰ੍ਹਾਂ ਨਾਲ ਅੰਗਰੇਜ਼ੀ ਹਕੂਮਤ ਦੀ ਹਿੱਕ ਵਿਚ ਕਿੱਲ ਠੋਕਣ ਦਾ ਕੰਮ ਕੀਤਾ ਸੀ।ਇਹਨਾਂ ਨੇ ਮਹਿਸੂਸ ਕੀਤਾ ਕਿ ਜਦ ਤੱਕ ਸਾਡਾ ਆਪਣਾ ਅਖਬਾਰ ਨਹੀਂ ਹੋਵੇਗਾ ਤਦ ਤੱਕ ਅਸੀਂ ਆਪਣੇ ਲੋਕਾਂ ਦੇ ਦੁੱਖਾਂ ਦਰਦਾਂ ਨੂੰ ਦੂਜਿਆਂ ਦੇ ਸਾਹਮਣੇ ਨਹੀਂ ਰੱਖ ਸਕਦੇ।ਗ਼ਦਰ ਪਾਰਟੀ ਵਿਚ ਬਾਬੂ ਹਰਨਾਮ ਸਿੰਘ 'ਬੰਬ ਮੇਕਰ' ਅਤੇ ਸਭ ਤੋਂ ਵੱਧ ਪੜ੍ਹੇ ਲਿਖੇ ਹੋਣ ਦਾ ਮਾਣ ਰੱਖਦੇ ਸਨ। ਜਲੰਧਰ ਤੋਂ ਵਿਸ਼ੇਸ਼ ਰੂਪ ਵਿਚ ਪੁੱਜੇ ਕਾਮਰੇਡ ਮੰਗਤ ਰਾਮ ਪਾਸਲਾ ਨੇ ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਕਰਦੇ ਹੋਏ ਰੋਟੀ-ਰੋਜ਼ੀ ਖਾਤਿਰ ਹਿ-ੰਦੁਸਤਾਨੀਆਂ ਅਤੇ ਖਾਸ ਤੌਰ ਤੇ ਪੰਜਾਬੀਆਂ ਦੇ ਅਮਰੀਕਾ ਜਾਣ, ਉਥੇ ਗ਼ੁਲਾਮੀ ਦੀ ਹਾਲਤ ਵਿਚ ਕੰਮ ਕਰਨ ਅਤੇ ਗ਼ੁਲਾਮ ਦੇਸ਼ ਵਿਚ ਰਹਿਣ ਦੇ ਤਾਹਨਿਆ ਮਿਹਣਿਆਂ ਨੂੰ ਸੁਣ ਕੇ ਵਤਨ ਨੂੰ ਆਜ਼ਾਦ ਕਰਾਉਣ ਲਈ ਸਭ ਕੁਝ ਛੱਡ ਛੁਡਾ ਕੇ ਦੇਸ਼ ਪਰਤਣ ਅਤੇ ਸ਼ਹੀਦ ਹੋਣ, ਕਾਲੇ ਪਾਣੀਆਂ ਦੀਆ ਸਜਾਵਾਂ ਭੁਗਤਣ ਆਦਿ ਦੇ ਇਤਿਹਾਸ ਦਸਦੇ ਹੋਏ ਕਿਹਾ ਕਿ ਜਿਨ੍ਹਾਂ ਹਾਲਤਾਂ ਨੂੰ ਬਦਲਣ ਲਈ ਕੁਰਬਾਨੀਆਂ ਦੇ ਕੇ ਆਜ਼ਾਦੀ ਪ੍ਰਾਪਤੀ ਲਈ ਜੱਦੋ ਜਹਿਦ ਕੀਤੀ ਗਈ ਉਹ ਹਾਲਾਤ ਅੱਜ ਵੀ ਕਾਇਮ ਹਨ ਅਤੇ ਲੋਕਾਂ ਨੂੰ ਹਕੀਕੀ ਅਜ਼ਾਦੀ ਅਜੇ ਪ੍ਰਾਪਤ ਨਹੀਂ ਹੋਈ। ਅੱਜ ਵੀ ਲੋਕ ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਤੇ ਸਰਕਾਰੀ ਜਬਰ ਦੀ ਮਾਰ ਸਹਿ ਰਹੇ ਹਨ। ਅੱਜ ਵੀ ਹਕੂਮਤ ਸਾਮਰਾਜੀਆਂ ਦੇ ਨਿਰਦੇਸ਼ ਤੇ ਦੇਸ਼ ਦੀ ਸਰਮਾਇਦਾਰੀ ਜੁੰਡਲੀ ਵਲੋਂ ਚਲਾਈ ਜਾ ਰਹੀ ਹੈ। ਲੋਕਾਂ ਦੀਆਂ ਰੋਟੀ, ਕਪੜੇ, ਮਕਾਨ, ਸਿਖਿਆ, ਸਿਹਤ ਸਹੂਲਤਾਂ ਅਤੇ ਪਾਣੀ ਆਦਿ ਦੀਆਂ ਮੁਢਲੀਆਂ ਲੋੜਾਂ ਪੂਰੀਆਂ ਨਹੀਂ ਹੋ ਰਹੀਆਂ।ਸਾਥੀ ਚਰੰਜੀ ਲਾਲ ਨੇ ਭਾਈ ਵਤਨ ਸਿੰਘ ਕਾਹਰੀ ਦੇ ਜੀਵਨ ਬਾਰੇ ਗੱਲ ਕਰਦਿਆ ਕਿਹਾ ਕਿ ਭਾਈ ਵਤਨ ਸਿੰਘ ਨੇ ਗ਼ਦਰ ਪਾਰਟੀ ਵਿਚ ਭਾਈ ਬਲਵੰਤ ਸਿੰਘ ਖੁਰਦਪੁਰ ਨਾਲ ਮਿਲ ਕੇ ਬਾ-ਕਮਾਲ ਕੰਮ ਕੀਤਾ ਹੈ।ਗ਼ਦਰ ਪਾਰਟੀ ਤੋਂ ਬਾਅਦ ਦੇਸ਼ ਦੀ ਅਜ਼ਾਦੀ ਲਈ ਚੱਲੀ ਬੱਬਰ ਅਕਾਲੀ ਮੂਵਮੈਂਟ ਵਿਚ ਵੀ ਬਾਈ ਵਤਨ ਸਿੰਘ ਮੋਹਰੇ ਹੋ ਕੇ ਤੁਰਦਾ ਰਿਹਾ ਹੈ।ਮਾਸਟਰ ਫ਼ਕੀਰ ਸਿੰਘ, ਓਂਕਾਰ ਸਿੰਘ ਝੰਮਟ, ਆਦਿ ਨੇ ਵੀ ਇਕੱਠ ਨੂੰ ਸੰਬੋਧਨ ਕੀਤਾ।ਇਸ ਸਮੇਂ ਸਕੂਲਾਂ ਦੇ ਵਿਦਿਆਰਥੀਆ ਤੋਂ ਇਲਾਵਾ ਇਲਾਕੇ ਦੀਆਂ ਸੰਗਤਾਂ ਦਾ ਭਾਰੀ ਇਕੱਠ ਮੌਜੂਦ ਸੀ । ਇਸ ਸਮਾਗਮ ਨੂੰ ਸਿਰੇ ਚੜ੍ਹਾਉਣ ਲਈ ਡਾ ਜਸਵੰਤ ਰਾਏ, ਕਾਮਰੇਡ ਮਹਿੰਦਰ ਸਿੰਘ ਖੈਰੜ ਅਤੇ ਪਿੰਡ ਦੇ ਨੌਜਵਾਨਾਂ ਗੁਰਸਾਹਿਬ ਸਿੰਘ, ਸੰਦੀਪ ਸਿੰਘ, ਅਮਰਜੀਤ ਸਿੰਘ, ਜਗਦੀਪ ਸਿੰਘ ਮਰਨਾਈਆ, ਲਹਿੰਬਰ ਰਾਮ ਝਮਟ, ਡਾ, ਬਲਵੀਰ ਸਿੰਘ, ਰੋਸ਼ਨ ਸਿੰਘ, ਅਮਰੀਕ ਸਿੰਘ ਨਿੱਕੂ, ਬਲਵਿੰਦਰ ਸਿੰਘ ਟੂਰਾ ਸਰਪੰਚ ਗਗਨੌਲੀ, ਸੁਖਦੀਪ ਸਿੰਘ ਨਿੱਕਾ ਸਰਪੰਚ ਕਾਹਰੀ ਨੇ ਰਾਤ ਦਿਨ ਇਕ ਕਰ ਦਿੱਤਾ। ਕਾਹਰੀ- ਸਾਹਰੀ ਤੋਂ ਇਹ ਕਾਫ਼ਲਾ ਗ਼ਦਰੀ ਬਾਬੇ ਸ਼ਹੀਦ ਰਤਨ ਸਿੰਘ ਦੇ ਪਿੰਡ ਸਿੰਗੜੀ ਵਾ.ਲਾ, ਸ਼ਹੀਦ ਬੱਬਰ ਅਕਾਲੀ ਬਲਵੰਤ ਸਿੰਘ ਦੁਖੀਆ (ਕਵੀ) ਦੇ ਪਿੰਡ ਬੈਂਸ ਤਾਨੀ, ਬੱਬਰ ਅਕਾਲੀ ਕਿਸ਼ਨ ਸਿੰਘ (ਉਮਰ ਕੈਦ) ਦੇ ਪਿੰਡ ਸਾਂਧਰਾ, ਗਦਰੀ ਬਾਬੇ ਗੰਡਾ ਸਿੰਘ ਦੇ ਪਿੰਡ ਪੰਡੋਰੀ ਫਗੂੜੇ, ਬੱਬਰ ਵਰਿਆਮ ਸਿੰਘ ਧੁੱਗਾ ਦੇ ਪਿੰਡ ਧੁੱਗਾ ਵਿਖੇ ਸਾਥੀ ਚਰੰਜੀ ਲਾਲਾ ਕੰਗਣੀਵਾਲ ਨੇ ਦੱਸਿਆ ਕਿ ਵਰਿਆਮ ਸਿੰਘ ਧੁਗਾ ਦਾ ਪਿੰਡ ਮੰਡੇਰਾਂ ਵਿਖੇ ਜ਼ਿਲ੍ਹਾ ਜਲੰਧਰ ਦੇ ਡੀ.ਸੀ. ਸਮੇਤ ਭਾਰੀ ਫੋਰਸ ਨਾਲ ਮੁਕਾਬਲਾ ਰੌਂਗਟੇ ਖੜੇ ਕਰਨ ਵਾਲਾ ਹੈ।ਵਰਿਆਮ ਸਿੰਘ ਆਪਣੇ ਦੋ ਸਾਥੀਆ ਨਾਲ ਇੱਕ ਚੁਬਾਰੇ ਉਤੇ ਚੜ੍ਹ ਕੇ ਸਾਰੀ ਫੌਜ਼ ਨਾਲ ਮੁਕਾਬਲਾ ਕਰਦਾ ਰਿਹਾ। ਬਾਅਦ ਵਿਚ ਫੌਜ਼ ਨੇ ਉਸ ਚੁਬਾਰੇ ਨਾਲ ਕੜਬ ਦੀਆਂ ਭਰੀਆ ਲਗਾ ਕੇ ਅੱਗ ਲਗਾ ਦਿੱਤੀ ਜਿਸ ਵਿਚ ਵਰਿਆਮ ਸਿੰਘ ਦੇ ਦੋ ਸਾਥੀ ਸੜ ਕੇ ਸ਼ਹੀਦ ਹੋ ਗਏ ਅਤੇ ਉਹ ਆਪ ਅੱਧ ਜਲਿਆ ਹੋਇਆ ਪੁਲਿਸ ਦੇ ਚੁੰਗਲ ਵਿਚੋਂ ਨਿੱਕਲ ਕੇ ਬਚ ਨਿਕਲਿਆ।ਇਸ ਯੋਧੇ ਨੇ ਬਾਅਦ ਵਿਚ ਫਿਰ ਅੰਗਰੇਜ਼ਾਂ ਖਿਲਾਫ ਬਗਾਵਤ ਦਾ ਝੰਡਾ ਚੁਕਿਆ। ਬੱਬਰ ਦਲੀਪ ਸਿੰਘ ਦੇ ਪਿੰਡ ਧਾਮੀਆਂ ਅਤੇ ਗ਼ਦਰੀ ਬਾਬੇ ਹਰਬੰਸ ਸਿੰਘ, ਰਤਨ ਸਿੰਘ ਰੱਕੜ ਦੇ ਪਿੰਡ ਮੰਡੇਰਾਂ ਵਿਚ ਅੰਤਿਮ ਪੜਾਅ ਤੇ ਪਹੁੰਚ ਕੇ ਜਥੇ ਨੇ ਹਾਜ਼ਰ ਲੋਕਾਂ ਨੂਮ ਗ਼ਦਰੀ ਬਾਬਿਆਂ ਦੀਆ ਕੁਰਬਾਨੀਆ ਤੋਂ ਜਾਣੂ ਕਰਵਾਇਆ।



ਵੱਖ ਵੱਖ ਬੁਲਾਰਿਆਂ ਵਿਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰਾਂ ਵਿਚ ਡਾ. ਕਰਮਜੀਤ ਸਿੰਘ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਆਖਿਆ ਕਿ ਗ਼ਦਰੀ ਆਪਣੇ ਵਿਚਾਰਾਂ ਵਿਚ ਸਾਰੀ ਦੁਨੀਆ ਨੂੰ ਇੱਕ ਘਰ ਵਾਂਗ ਮੰਨਦੇ ਸਨ।ਪਹਿਲਾਂ ਉਹ ਵਿਦੇਸ਼ ਜਾ ਰਹੇ ਆ ਤੇ ਫੇਰ ਇੱਕ ਖਾਸ ਮਕਸਦ ਲਈ ਵਾਪਸ ਦੇਸ਼ ਆ ਰਹੇ ਆ।ਗ਼ਦਰੀ ਝੰਡੇ ਉੱਤੇ ਪੇਸ਼ ਹਥਿਆਰਾਂ ਦੀ ਤਸਵੀਰ ਦੱਸਦੀ ਹੈ ਕਿ ਅੰਗਰੇਜ਼ਾਂ ਨੇ ਸਾਡੇ ਦੇਸ਼ਾਂ ਵਿਚੋਂ ਸ਼ਾਂਤੀ ਨਾਲ ਨਹੀਂ ਜਾਣਾ ਸਗੋਂ ਸਾਨੂੰ ਇਹਨਾਂ ਦੇ ਖਿਲਾਫ ਹਥਿਆਰਬੰਦ ਸੰਘਰਸ਼ ਵਿੱਢਣਾ ਪੈਣਾ ਹੈ।ਗ਼ਦਰ ਲਹਿਰ ਬਾਅਦ ਵਿਚ ਭਾਂਵੇ ਅਸਫਲ ਹੋ ਗਈ ।ਅਨੇਕਾਂ ਗ਼ਦਰੀ ਜ਼ੇਲ੍ਹ ਗਏ, ਕਾਲੇ ਪਾਣੀਆ ਦੀ ਸਜ਼ਾ ਭੁਗਤੀ ਪਰ ਉਹਨਾਂ ਨੇ ਆਪਣਾ ਅਕੀਦਾ ਨਹੀਂ ਛੱਡਿਆ।ਬੱਬਰ ਅਕਾਲੀ ਲਹਿਰ ਅਤੇ ਕਿਰਤੀ ਲਹਿਰ ਗ਼ਦਰੀ ਮੂਵਮੈਂਟ ਦੇ ਮਾਰਗ ਤੇ ਹੀ ਚੱਲੀ ।ਸਾਥੀ ਚਿਰੰਜੀ ਲਾਲ, ਸੀਤਲ ਸਿੰਘ ਸੰਘਾ, ਗੁਰਮੀਤ ਸਿੰਘ ਢੱਡਾ ਅਤੇ ਬੀਬੀ ਬਲਬੀਰ ਕੌਰ ਬਡਾਲਾ ਤੋਂ ਇਲਾਵਾ ਸ਼ਮਸ਼ੇਰ ਸਿੰਘ ਧਾਮੀ, ਜੱਥੇਦਾਰ ਕ੍ਰਿਪਾਲ ਸਿੰਘ, ਸੰਤ ਭਗਵੰਤ ਭਗਤ ਸਿੰਘ, ਗੁਰ ਪ੍ਰੀਤ ਸਿੰਘ, ਬਲਬੀਰ ਸਿੰਘ, ਮਹਿੰਦਰ ਸਿੰਘ ਜੋਸ਼, ਸਤਨਾਮ ਕੌਰ, ਮੋਹਣ ਸਿੰਘ ਆਦਿ ਨੇ ਸ਼ਹੀਦਾਂ ਨੂੰ ਸ਼ਰਧਾ ਨਾ.ਲ ਯਾਦ ਕੀਤਾ। ਕੁਲਤਾਰ ਸਿੰਘ ਕੁਲਤਾਰ ਨੇ ਗ਼ਦਰੀ ਬਾਬਿਆਂ ਦੀਆਂ ਕਵਿਤਾਵਾਂ ਸ਼੍ਰੋਤਿਆਂ ਨਾਲ ਸਾਂਝੀਆਂ ਕੀਤੀਆਂ । ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰਾਂ ਨੇ ਹਰ ਪੜਾਅ ਤੇ ਪਿੰਡ ਵਾਸੀਆਂ ਨੂੰ ਦੇਸ਼ ਭਗਤ ਹਾਲ ਜਲੰਧਰ ਵਿਚ 28 ਅਕਤੂਬਰ ਤੋਂ 1 ਨਵੰਬਰ ਤਕ ਚਲਣ ਵਾਲੇ ਮੇਲੇ ਵਿਚ ਪਹੁੰਚਣ ਦੀ ਅਪੀਲ ਕੀਤੀ ਗਈ ਤੇ ਨਾਲ ਹੀ 31 ਅਕਤੂਬਰ ਦੀ ਰਾਤ ਨੂੰ ਸ਼ਹੀਦਾਂ ਦੀ ਯਾਦ ਵਿਚ ਦੀਪਮਾਲਾ ਕਰਨ ਦੀ ਬੇਨਤੀ ਵੀ ਕੀਤੀ ਗਈ।ਅੱਠਾਂ ਪਿੰਡਾਂ ਦੇ ਲੋਕਾਂ ਵਲੋਂ ਇਸ ਕਾਫਲੇ ਸੰਬੰਧੀ ਭਰਵਾਂ ਹੁੰਗਾਰਾ ਦੇਖਣ ਨੂੰ ਮਿਲਿਆ।ਪਿੰਡਾਂ ਦੇ ਲੋਕਾਂ ਵਲੋਂ ਪੰਜ ਦਿਨ ਚੱਲਣ ਵਾਲੇ ਗ਼ਦਰੀ ਮੇਲੇ (ਦੇਸ਼ ਭਗਤ ਯਾਦਗਾਰ ਹਾਲ ਜਿਲ੍ਹਾ ਜਲੰਧਰ) ਵਿਚ ਬਾਹਰੋਂ ਆਈ ਸੰਗਤ ਨੂੰ ਲੰਗਰ ਛਕਾਉਣ ਲਈ ਲੰਗਰ ਦੇ ਪ੍ਰਬੰਧ ਵਜੋਂ ਹਜਾਰਾਂ ਰੁਪਏ ਦੀ ਰਾਸ਼ੀ ਦਾ ਦਾਨ ਕੀਤਾ ਗਿਆ।ਇਸ ਕਾਫਲੇ ਦੌਰਾਨ ਪਿੰਡ ਵਾਸੀਆਂ ਨੇ ਹਰ ਥਾਂ ਚਾਹ ਪਾਣੀ ਅਤੇ ਲੰਗਰ ਦਾ ਪ੍ਰਬੰਧ ਵੀ ਕੀਤਾ ਹੋਇਆ ਸੀ।

# ਮਾਲਵੇ ਤੋਂ ਬਾਅਦ ਹੁਣ ਜਲੰਧਰ, ਕਪੂਰਥਲਾ, ਅੰਮ੍ਰਿਤਸਰ ਜ਼ਿਲ੍ਹਿਆਂ ਵਿਚ ਵੀ ਫੈਲਿਆ ਕੈਂਸਰ

ਜਲੰਧਰ- ਪੰਜਾਬ ਸਰਕਾਰ ਅਤੇ ਸੂਬੇ ਦੇ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਭਾਵੇਂ ਵਾਤਾਵਰਣ ਤੇ ਜ਼ਮੀਨ ਹੇਠਲੇ ਪਾਣੀ ਨੂੰ ਸਾਫ ਰੱਖਣ ਦੇ ਬਹੁਤ ਵੱਡੇ-ਵੱਡੇ ਦਾਅਵੇ ਕੀਤੇ ਜਾ ਰਹੇ ਹਨ ਪਰ ਇਸ ਦੇ ਬਾਵਜੂਦ ਸੂਬੇ ਦੇ ਬਹੁਤ ਸਾਰੇ ਉਦਯੋਗਾਂ ਵੱਲੋਂ ਨਹਿਰਾਂ, ਕੱਸੀਆਂ, ਰਜਬਾਹਿਆਂ ਤੇ ਹੋਰ ਨਦੀਆਂ-ਨਾਲਿਆਂ 'ਚ ਗੰਧਲੇ ਅਤੇ ਦੂਸ਼ਿਤ ਪਾਣੀ ਦੀ ਨਿਕਾਸੀ ਲਗਾਤਾਰ ਅਤੇ ਸ਼ਰੇਆਮ ਜਾਰੀ ਹੈ। ਇੰਝ ਪੰਜਾਬ ਦਾ ਧਰਤੀ ਹੇਠਲਾ ਪਾਣੀ ਦੂਸ਼ਿਤ ਹੀ ਨਹੀਂ ਅੰਤਾਂ ਦਾ ਜ਼ਹਿਰੀਲਾ ਹੋ ਰਿਹਾ ਹੈ ਅਤੇ ਸਰਕਾਰ ਇਸ ਮਾਮਲੇ ਵਿਚ ਕੁਝ ਵੀ ਨਹੀਂ ਕਰ ਪਾ ਰਹੀ। ਇਯ ਮਾਮਲੇ ਵਿਚ ਲੁਧਿਆਣਾ, ਜਲੰਧਰ, ਅੰਮ੍ਰਿਤਸਰ ਅਤੇ ਕਪੂਰਥਲਾ ਦੇ ਇਲਾਕੇ ਕੁਝ ਵਧੇਰੇ ਹੀ ਅੱਗੇ ਹਨ। ਜਲੰਧਰ ਜ਼ਿਲ੍ਹੇ ਦੇ ਪਿੰਡ ਬੁਲੰਦਪੁਰ ਤੋਂ ਸ਼ੁਰੂ ਹੋਣ ਵਾਲਾ ਕਾਲਾ ਸੰਘਿਆਂ ਦਾ ਨਾਲਾ ਇਸ ਮਾਮਲੇ ਵਿਚ ਸਭ ਤੋਂ ਵੱਧ ਪ੍ਰਭਾਵਿਤ ਹੈ। ਇਹ ਸਿੱਧਾ ਚਿੱਟੀ ਵੇਈਂ ਵਿਚ ਜਾ ਕੇ ਡਿੱਗਦਾ ਹੈ; ਜੋ ਅੱਗੇ ਸਤਲੁਜ ਨਾਲ ਜਾ ਜੁੜਦੀ ਹੈ। ਕਪੂਰਥਲਾ ਵਿਚ ਬਿਨਾਂ ਸ਼ੁੱਧ ਕੀਤਾ ਸੀਵਰੇਜ ਦਾ ਮਲ-ਮੂਤਰ ਸਿੱਧਾ ਕਾਲੀ ਵੇਈਂ 'ਚ ਸੁੱਟਿਆ ਜਾ ਰਿਹਾ ਹੈ। ਵਡਾਲਾ ਦੇ ਨਾਲੇ ਵਿਚ ਵੀ ਇੰਝ ਹੀ ਗੰਦ ਪਿਆ ਹੋਇਆ ਹੈ। ਇਹਨਾਂ ਦੂਸ਼ਿਤ ਨਾਲਿਆਂ ਤੇ ਰਜਬਾਹਿਆਂ ਕਾਰਨ ਹੀ ਪੰਜਾਬ ਦਾ ਧਰਤੀ ਹੇਠਲੇ ਪਾਣੀ ਵਿਚ ਜ਼ਹਿਰ ਘੁਲਦਾ ਜਾ ਰਿਹਾ ਹੈ। ਸੂਬੇ ਦੇ ਨਾਗਰਿਕਾਂ ਦੀ ਸਿਹਤ 'ਤੇ ਇਸ ਦਾ ਮਾੜਾ ਅਸਰ ਪੈ ਰਿਹਾ ਹੈ। ਹੁਣ ਤਾਂ ਜਲੰਧਰ ਜ਼ਿਲ੍ਹੇ ਵਿਚ ਵੀ ਕੈਂਸਰ ਰੋਗ ਕਾਰਨ ਅਨੇਕਾਂ ਮੌਤਾਂ ਹੋਣ ਦੀਆਂ ਖ਼ਬਰਾਂ ਆ ਰਹੀਆਂ ਹਨ। ਦੂਸ਼ਿਤ ਪਾਣੀ ਕਰਕੇ ਚਮੜੀ ਦੇ ਰੋਗ ਤਾਂ ਆਮ ਹੀ ਲੋਕਾਂ ਨੂੰ ਹੋ ਰਹੇ ਹਨ। ਪ੍ਰਦੂਸ਼ਣ ਰੋਕਥਾਮ ਬੋਰਡ ਨੇ ਜਲੰਧਰ ਦੀਆਂ ਕੁਝ ਚਮੜਾ ਫੈਕਟਰੀਆਂ 'ਤੇ ਜ਼ਰੂਰ ਆਪਣਾ ਸ਼ਿਕੰਜਾ ਕਸਿਆ ਹੈ। ਲੁਧਿਆਣਾ ਦੀਆਂ ਕੁਝ ਇਲੈਕਟ੍ਰੋ ਪਲੇਟਿੰਗ ਇਕਾਈਆਂ ਵੀ ਪਾਣੀਆਂ ਵਿਚ ਜ਼ਹਿਰ ਘੋਲ ਰਹੀਆਂ ਦੱਸੀਆਂ ਜਾਂਦੀਆਂ ਹਨ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ




# ਰਵਿਦਾਸੀਆ ਕੌਮ ਦੇ ਮਹਾਨ ਸੰਤ ਕ੍ਰਿਸ਼ਨ ਨਾਥ ਜੀ (ਚਿਹੇੜੂ ਵਾਲਿਆਂ) ਦੇ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਦੇ ਪ੍ਰੋਗਰਾਮ

ਸਿਡਨੀ (ਬਲਜਿੰਦਰ ਰਤਨ)- ਸ੍ਰੀ ਗੁਰੂ ਰਵਿਦਾਸ ਸਭਾ ਸਿਡਨੀ, ਬਹੁਜਨ ਸਮਾਜ ਪਾਰਟੀ ਆਸਟ੍ਰੇਲੀਆ, ਰਵਿਦਾਸੀਆ ਕੌਮ ਆਸਟ੍ਰੇਲੀਆ, ਡਾ. ਅੰਬੇਦਕਰ ਮਿਸ਼ਨ ਸੁਸਾਇਟੀ ਬ੍ਰਿਸਬੇਨ, ਅੰਮ੍ਰਿਤਬਾਣੀ ਨਿਊਜ਼ੀਲੈਂਡ ਅਤੇ ਡਾ. ਅੰਬੇਦਕਰ ਮਿਸ਼ਨ ਸੁਸਾਇਟੀ ਆਕਲੈਂਡ ਦੇ ਵਿਸ਼ੇਸ਼ ਸਹਿਯੋਗ ਸਦਕਾ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਿਚ ਮਹਾਨ ਸੰਤ ਸੰਮੇਲਨ ਕਰਵਾਏ ਜਾ ਰਹੇ ਹਨ, ਜਿਹਨਾਂ ਨੂੰ ਰਵਿਦਾਸੀਆ ਕੌਮ ਦੇ ਮਹਾਨ ਸੰਤ ਕ੍ਰਿਸ਼ਨ ਨਾਥ ਜੀ (ਚਿਹੇੜੂ ਵਾਲੇ) ਸੰਗਤਾਂ ਨੂੰ ਆਪਣੇ ਪ੍ਰਬਚਨਾਂ ਰਾਹੀਂ ਨਿਹਾਲ ਕਰਨਗੇ। ਮਿਤੀ 3 ਨਵੰਬਰ ਐਤਵਾਰ ਸਿਡਨੀ ਦਾ ਮਹਾਨ ਸੰਤ ਸੰਮੇਲਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੀ ਇਲਾਹੀ ਅੰਮ੍ਰਿਤਬਾਣੀ ਨੂੰ ਸਮਰਪਿਤ ਹੋਵੇਗਾ। ਮਿਤੀ 9 ਨਵੰਬਰ, ਸਨਿਚਰਵਾਰ, ਮੈਲਬੌਰਨ ਦਾ ਮਹਾਨ ਸੰਤ ਸੰਮੇਲਨ ਰਵਿਦਾਸੀਆ ਕੌਮ ਦੇ ਮਹਾਨ ਸ਼ਹੀਦ ਸੰਤ 108 ਸੰਤ ਰਾਮਾਨੰਦ ਜੀ ਨੂੰ ਸਮਰਪਿਤ ਹੋਵੇਗਾ। ਮਿਤੀ 10 ਨਵੰਬਰ, ਐਤਵਾਰ ਬ੍ਰਿਸਬੇਨ ਦਾ ਮਹਾਨ ਸੰਤ ਸੰਮੇਲਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੀ ਇਲਾਹੀ ਅੰਮ੍ਰਿਤਬਾਣੀ ਨੂੰ ਸਮਰਪਿਤ ਹੋਵੇਗਾ। ਮਿਤੀ 16 ਨਵੰਬਰ, ਸਨਿਚਰਵਾਰ, ਆਕਲੈਂਡ ਦਾ ਮਹਾਨ ਸੰਤ ਸੰਮੇਲਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੀ ਇਲਾਹੀ ਅੰਮ੍ਰਿਤਬਾਣੀ ਨੂੰ ਸਮਰਪਿਤ ਹੋਵੇਗਾ।

ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਦੀਆਂ ਸਮੂਹ ਸੰਗਤਾਂ ਨੂੰ ਪੁਰਜੋਰ ਅਪੀਲ ਕੀਤੀ ਜਾਂਦੀ ਹੈ ਕਿ ਇਨ੍ਹਾਂ ਸਮ-ਾਗਮਾਂ ਵਿਚ ਪਹੁੰਚਣ ਦੀ ਕ੍ਰਿਪਾਲਤਾ ਕਰੋ। ਇਹਨਾਂ ਸਮ-ਾਗਮਾਂ ਦੀ ਵਧੇਰੇ ਜਾਣਕਾਰੀ ਲਈ

ਸਿਡਨੀ- ਸੋਢੀ ਸਿੰਘ (0401333110), ਵਿਨੋਦ ਕੁਮਾਰ (0412-161-365) ਅਤੇ ਬਲਜਿੰਦਰ ਰਤਨ (0433541413)
ਮੈਲਬੌਰਨ: ਰਣਜੀਤ ਕਲਸੀ (0433082 986), ਰਾਕੇਸ਼ ਮਹਿਮੀ (0430141080)
ਬ੍ਰਿਸਬੇਨ: ਸਤਵਿੰਦਰ (0402160 052)
ਨਿਊਜ਼ੀਲੈਂਡ: ਅਮਰਜੀਤ ਬੰਗੜ (0210-782-075) ਜੀ ਨੂੰ ਸੰਪਰਕ ਕਰੋ। ਇਹ ਜਾਣਕਾਰੀ ਬਲਜਿੰਦਰ ਰਤਨ (ਚੇਅਰਮੈਨ) ਸ੍ਰੀ ਗੁਰੂ ਰਵਿਦਾਸ ਸਭਾ ਸਿਡਨੀ ਨੇ ਪ੍ਰੈਸ ਨੂੰ ਦਿੱਤੀ। email: baljindersingh1966@yahoo.com.au


## ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਦੇ ਮਹਾਨ ਸੰਤ ਸੰਮੇਲਨ ਦੀਆਂ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਸਿਡਨੀ, ਬਹੁਜਨ ਸਮਾਜ ਪਾਰਟੀ ਆਸਟ੍ਰੇਲੀਆ,
ਰਵਿਦਾਸੀਆ ਕੌਮ ਆਸਟ੍ਰੇਲੀਆ, ਡਾ. ਅੰਬੇਦਕਰ ਮਿਸ਼ਨ ਸੁਸਾਇਟੀ ਬ੍ਰਿਸਬੇਨ,
ਅੰਮ੍ਰਿਤਬਾਣੀ ਨਿਊਜ਼ੀਲੈਂਡ ਅਤੇ ਡਾ. ਅੰਬੇਦਕਰ ਮਿਸ਼ਨ ਸੁਸਾਇਟੀ ਆਕਲੈਂਡ ਦੇ ਉਦਮਾਂ ਨੂੰ ਸਲਾਮ

9 ਨਵੰਬਰ, ਸਨਿਚਰਵਾਰ, ਮੈਲਬੌਰਨ ਦਾ ਮਹਾਨ ਸੰਤ ਸੰਮੇਲਨ ਰਵਿਦਾਸੀਆ ਕੌਮ ਦੇ ਮਹਾਨ ਸ਼ਹੀਦ ਸੰਤ 108 ਸੰਤ ਰਾਮਾਨੰਦ ਜੀ ਨੂੰ ਸਮਰਪਿਤ ਹੋਵੇਗਾ। ਮਿਤੀ 10 ਨਵੰਬਰ, ਐਤਵਾਰ ਬ੍ਰਿਸਬੇਨ ਦਾ ਮਹਾਨ ਸੰਤ ਸੰਮੇਲਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੀ ਇਲਾਹੀ ਅੰਮ੍ਰਿਤਬਾਣੀ ਨੂੰ ਸਮਰਪਿਤ ਹੋਵੇਗਾ। ਮਿਤੀ 16 ਨਵੰਬਰ, ਸਨਿਚਰਵਾਰ, ਆਕਲੈਂਡ ਦਾ ਮਹਾਨ ਸੰਤ ਸੰਮੇਲਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੀ ਇਲਾਹੀ ਅੰਮ੍ਰਿਤਬਾਣੀ ਨੂੰ ਸਮਰਪਿਤ ਹੋਵੇਗਾ।

**ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਹਨਾਂ ਸਮਾਗਮਾਂ ਵਿਚ ਵੱਧ ਚੜ੍ਹ ਕੇ ਭਾਗ ਲਓ**



**ਹੰਸ ਰਾਜ ਕਾਹਲਾ**

# ਪੰਜਾਬੀ ਸਭਿਆਚਾਰ ਵਿਚ ਧਾਰਮਿਕ ਸਾਹਿਤ ਨੂੰ ਗੁਰਦੁਆਰਿਆਂ ਵਿਚ ਵਿਸ਼ੇਸ਼ ਸਥਾਨ ਦਿਵਾਉਣ ਲਈ ਯਤਨ ਜਾਰੀ

ਲਿੰਵਗਸਟਨ, ਕੈਲੀਫੋਰਨੀਆ (ਪ੍ਰਮਿੰਦਰ ਸਿੰਘ ਪ੍ਰਵਾਨਾ)- ਆਲਮੀ ਸਿੱਖ ਰਹਿਤ ਪ੍ਰਚਾਰ ਮਿਸ਼ਨ ਵੱਲੋਂ ਹਫਤਾਵਾਰੀ




ਧਾਰਮਿਕ ਕਵੀ ਦਰਬਾਰ ਕਰਕੇ ਧਾਰਮਿਕ ਸਾਹਿਤ ਨੂੰ ਗੁਰਦੁਆਰਿਆਂ ਵਿਚ ਵਿਸ਼ੇਸ਼ ਸਥਾਨ ਦਿਵਾਉਣ ਲਈ ਯਤਨ ਕੀਤੇ ਜਾ ਰਹੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਿਚ ਧਾਰਮਿਕ ਸਾਹਿਤ ਦੀ ਇਕ ਵਿਸ਼ੇਸ਼ ਜਗ੍ਹਾ ਸੀ। ਗੁਰੂ ਜੀ ਖੁਦ ਸਾਹਿਤ ਵਿਚ ਰੁਚੀ ਰੱਖਦੇ ਸਨ। ਇਸੇ ਲਈ ਉਹ ਕਵੀਆਂ ਦਾ ਆਦਰ ਸਤਿਕਾਰ ਕਰਦੇ ਸਨ। ਉਹਨਾਂ ਦੇ ਦਰਬਾਰ ਵਿਚ 52 ਕਵੀਆਂ ਦੀ ਗਿਣਤੀ ਹੁੰਦੀ ਸੀ ਪਰ ਸਮੇਂ ਸਮੇਂ ਇਹ ਗਿਣਤੀ 76 ਤੱਕ ਵੀ ਹੋ ਜਾਂਦੀ ਸੀ। ਗੁਰੂ ਜੀ ਨੇ ਦੇਸ਼ ਦੇ ਵੱਖ ਵੱਖ ਭਾਗਾਂ ਵਿਚ ਸਿੱਖਾਂ ਨੂੰ ਭੇਜ ਕੇ ਕਵੀਆਂ ਨੂੰ ਲਿਆਉਣ ਦਾ ਜਿੰਮਾ ਲਾਇਆ।

ਪਹੁੰਚੇ ਕਵੀਆਂ ਨੇ ਗੁਰੂ ਜੀ ਨਾਲ ਰਹਿ ਕੇ ਦੂਜੀਆਂ ਭਾਸ਼ਾਵਾਂ ਦਾ ਸਾਹਿਤ ਇਕੱਠਾ ਕੀਤਾ ਅਤੇ ਪੰਜਾਬੀ ਵਿਚ ਅਨੁਵਾਦ ਵੀ ਕੀਤਾ। ਰਚੇ ਗਏ ਸਾਹਿਤ ਦਾ ਵਜ਼ਨ 9 ਮਣ ਤੱਕ ਸੀ। ਭਾਵੇਂ ਜ਼ਿਆਦਾ ਸਾਹਿਤ ਸਿਰਸਾ ਨਦੀ ਵਿਚ ਰੁੜ ਗਿਆ, ਪਰ ਬਚੇ ਹੋਏ ਸਾਹਿਤ ਨੂੰ ਅਗਾਂਹ ਤੋਰਿਆ ਗਿਆ। ਮਿਸ਼ਨ ਵੱਲੋਂ ਪ੍ਰਚਾਰ ਦਾ ਸਾਧਨ ਧਾਰਮਿਕ ਕਵੀ ਦਰਬਾਰਾਂ ਰਾਹੀਂ ਚੁਣਿਆ ਗਿਆ ਹੈ। ਇਸੇ ਲੜੀ ਵਿਚ ਲਿਵਿੰਗਸਟਨ ਗੁਰਦੁਆਰੇ ਵਿਖੇ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਅਤੇ ਸਫਲਤਾ ਨਾਲ ਸੰਪੰਨ ਹੋਇਆ। ਲਿਵਿੰਗਸਟਨ ਵਿਖੇ ਸਥਾਪਤ ਗੁਰਦੁਆਰੇ ਦੇ ਇਤਿਹਾਸ ਵਿਚ 1980 ਵਿਚ ਇਕ ਛੋਟੇ ਜਿਹੇ ਘਰ ਤੋਂ ਸੇਵਾ ਸ਼ੁਰ ਕੀਤੀ ਗਈ, ਫਿਰ 7 ਏਕੜ ਦੀ ਜਗ੍ਹਾ ਵਿਚ ਸੰਗਤਾਂ ਨੇ ਉਗਰਾਹੀ ਕਰਕੇ ਭਾਈ ਧਰਮ ਸਿੰਘ ਜੀ ਦੁਸਾਂਝ ਦੀ ਅਗਵਾਈ ਵਿਚ ਗੁਰਦੁਆਰਾ ਸਥਾਪਤ ਕੀਤਾ ਹੈ।

ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਪ੍ਰਵਾਨਿਤ ਰਹਿਤ ਮਰਿਆਦਾ ਅਨੁਸਾਰ ਰੋਜ਼ਾਨਾ ਸਵੇਰੇ 4 ਵਜੇ ਪ੍ਰਕਾਸ਼ ਹੁੰਦੇ ਹਨ, ਪਾਠ ਹੁੰਦੇ ਹਨ, ਸ਼ਾਮ ਰਹਿਰਾਸ ਸਾਹਿਬ ਜੀ ਦੇ ਪਾਠ ਹੁੰਦੇ ਹਨ। ਪੰਜਾਬੀ ਸਕੂਲ ਚਲਾਉਣ ਦੇ ਯਤਨ ਜਾਰੀ ਹਨ। ਦੇਹ ਸਸਕਾਰ ਵੇਲੇ ਭਾਈਚਾਰੇ ਦੀ ਮਦਦ ਕੀਤੀ ਜਾਂਦੀ ਹੈ। ਪ੍ਰਬੰਧਕਾਂ ਵਿਚ ਭਾਈ ਰਾਜਿੰਦਰ ਸਿੰਘ ਤੱਖਰ ਪ੍ਰਧਾਨ, ਭਾਈ ਸੇਵਾ ਸਿੰਘ ਸਕੱਤਰ, ਭਾਈ ਜਸਵੰਤ ਸਿੰਘ ਮੁੱਖ ਸੇਵਾਦਾਰ, ਭਾਈ ਦਲਜੀਤ ਸਿੰਘ, ਭਾਈ ਮੇਘਪਾਲ ਸਿੰਘ ਕੀਰਤਨੀਏ ਹਨ।


# ਇਲਾਜ ਖੁਣੋਂ ਪਲ ਪਲ ਮਰ ਰਿਹਾ ਹੈ ਮਜ਼ਦੂਰ

ਅਮਲੋਹ (ਕੇਵਲ)- ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਲਈ ਸਿਹਤ ਸਹੂਲਤਾ ਦਿੱਤੇ ਜਾਣ ਦੇ ਦਾਅਵੇ ਸੱਚ ਹੁੰਦੇ ਨਜ਼ਰ ਨਹੀ ਆ ਰਹੇ ਕਿਉਂਕਿ ਅਮਲੋਹ ਸ਼ਹਿਰ ਵਿੱਚ ਇਲਾਜ ਨਾ ਹੋਣ ਕਾਰਨ ਜਖਮੀ ਹਾਲਤ ਵਿੱਚ ਇੱਕ ਮਜਦੂਰ ਵਿਅਕਤੀ ਤਿਲ ਤਿਲ ਕਰਕੇ ਮਰਨ ਲਈ ਮਜਬੂਰ ਹੈ। ਅਮਲੋਹ ਸ਼ਹਿਰ ਦੇ ਵਾਰਡ ਨੰਬਰ 9 ਦਾ ਵਸ਼ਨੀਕ ਮੱਖਣ ਰਾਮ ਜੋ ਕਿ ਤਿੰਨ



ਸਾਲ ਪਹਿਲਾ ਇੱਕ ਹਾਦਸੇ ਵਿੱਚ ਬੁਰੀ ਤਰ੍ਹਾਂ ਜਖਮੀ ਹੋ ਗਿਆ ਸੀ ਇਸ ਹਾਦਸੇ ਦੌਰਾਨ ਉਸਦੀ ਰੀੜ ਦੀ ਹੱਡੀ ਦਾ ਇੱਕ ਮਣਕਾ ਟੁੱਟ ਗਿਆ ਸੀ ਪੀੜਤ ਵਿਅਕਤੀ ਵੱਲੋਂ ਆਪਣੀ ਹੈਸੀਅਤ ਅਨੁਸਾਰ ਇਲਾਜ ਲਈ ਜੀਅ ਤੋੜ ਕੌਸ਼ਿਸ਼ਾ ਕੀਤੀਆਂ ਪਰ ਆਰਥਿਕ ਤੌਰ ਤੇ ਕਮਜੋਰ ਹੋਣ ਕਰਕੇ ਉਸਦਾ ਇਲਾਜ ਸੰਭਵ ਨਹੀ ਹੋ ਸਕਿਆ।

# ਫਿਰਕੂ ਦੰਗਿਆਂ ਵਿਰੁੱਧ ਬਿਲ




ਘੱਟ ਗਿਣਤੀ ਮਾਮਲਿਆਂਦੇ ਮੰਤਰੀ ਕੇ. ਰਹਿਮਾਨ ਨੇ ਪਾਰਲੀਮੈਂਟ ਦੇ ਸਰਦ ਰੁੱਤ ਸੈਸ਼ਨ ਵਿਚ ਦੇਸ਼ ਵਿਚ ਫਿਰਕੂ ਹਿੰਸਾ ਰੋਕਣ ਲਈ ਵਿਸ਼ੇਸ਼ ਬਿਲ ਪੇਸ਼ ਕਰਨ ਲਈ ਪ੍ਰਧਾਨ ਮੰਤਰੀ ਸ. ਮਨਮੋਹਨ ਸਿੰਘ ਨੂੰ ਪੱਤਰ ਲਿਖਿਆ ਹੈ, ਜਿਸਦਾ ਮੰਤਵ ਫਿਰਕੂ ਹਿੰਸਾ ਦੀ ਰੋਕਥਾਮ, ਨਿਯੰਤਰਣ ਅਤੇ ਪੀੜਤਾਂ ਦਾ ਪੁਨਰਵਾਸ ਹੋਵੇਗਾ।

ਸ੍ਰੀ ਰਹਿਮਾਨ ਨੇ ਯੂ. ਪੀ. ਏ. ਦੀ ਚੇਅਰਪਰਸਨ ਸੋਨੀਆ ਗਾਂਧੀ ਅਤੇ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਸੁਸ਼ੀਲ ਕੁਮਾਰ ਸ਼ਿੰਦੇ ਤੇ ਵੀ ਦਬਾਅ ਬਣਾਇਆ ਹੋਇਆ ਹੈ। ਇਹ ਬਿਲ ਪੇਸ਼ ਕਰਨ ਲਈ ਲੱਗਭੱਗ ਸਾਰੇ ਇਸਲਾਮੀ ਧਾਰਮਿਕ ਆਗੂਆਂ ਅਤੇ ਮੁਸਲਿਮ ਸੰਗਠਨਾਂ ਨੇ ਵੀ ਸਰਕਾਰ 'ਤੇ ਦਬਾਅ ਬਣਾਇਆ ਹੋਇਆ ਹੈ। ਯੂ. ਪੀ. ਵਿਚ ਮੁਜੱਫਰਨਗਰ ਵਿਖੇ ਪਿੱਛੇ ਜਿਹੇ ਹੋਏ ਫਿਰਕੂ ਦੰਗਿਆਂ ਤੋਂ ਬਾਅਦ ਇਸ ਪ੍ਰਕਿਰਿਆ ਵਿਚ ਤੇਜ਼ੀ ਆ ਗਈ ਹੈ।

ਪਰ ਭਾਰਤੀ ਜਨਤਾ ਪਾਰਟੀ ਹੁਣ ਤੱਕ ਆਪਣੀ ਆਦਤ ਅਨੁਸਾਰ ਘੱਟ ਗਿਣਤੀਆਂ ਦੇ ਹੱਕ ਵਿਚ ਜਾਣ ਵਾਲੀ ਹਰ ਗੱਲ ਉਤੇ ਕਿਸੇ ਨਾ ਕਿਸੇ ਤਰ੍ਹਾਂ ਦਾ ਕਿੰਤੂ ਕਰਦੀ ਰਹੀ ਹੈ। ਸ੍ਰੀ ਰਹਿਮਾਨ ਨੇ ਕਿਹਾ ਕਿ ਇਹ ਸਮਝ ਨਹੀਂ ਆਉਂਦਾ ਕਿ ਕੁਝ ਪਾਰਟੀਆਂ ਫਿਰਕੂ ਹਿੰਸਾ ਬਿਲ ਦਾ ਵਿਰੋਧ ਕਿਉਂ ਕਰ ਰਹੀਆਂ ਹਨ ਜਦਕਿ ਇਹ ਕਿਸੇ ਜਾਤ ਧਰਮ ਲਈ ਨਹੀਂ ਹੈ ਬਲਕਿ ਫਿਰਕੂ ਹਿੰਸਾ ਰੋਕਣ ਅਤੇ ਪੀੜਤਾਂ ਦੀ ਮਦਦ ਲਈ ਹੈ।

ਭਾਜਪਾ ਦੇ ਬੁਲਾਰੇ ਨਕਵੀ ਨੇ ਕਿਹਾ ਹੈ ਕਿ ਅਸੀਂ ਇਸ ਬਿਲ ਦੇ ਹੱਕ ਵਿਚ ਹਾਂ ਪਰ ਇਸ ਵਿਚ ਕਿਸੇ ਵਿਸ਼ੇਸ਼ ਸੰਗਠਨ ਨੂੰ ਨਿਸ਼ਾਨਾ ਨਹੀਂ ਬਣਾਇਆ ਜਾਣਾ ਚਾਹੀਦਾ। ਭਾਜਪਾ ਦੇ ਦੂਸਰੇ ਬੁਲਾਰੇ ਸ਼ਾਹਨਾਜ਼ ਹੁਸੈਨ ਨੇ ਕਿਹਾ ਹੈ- ਕਾਂਗਰਸ ਫਿਰਕੂ ਸਦਭਾਵਨਾ ਚਾਹੁੰਦੀ ਹੀ ਨਹੀਂ। ਉਹ ਵੋਟ ਬੈਂਕ ਦੀ ਸਿਆਸਤ ਵਿਚ ਇਸ ਤਰ੍ਹਾਂ ਦੇ ਹੱਥਕੰਡੇ ਵਰਤਦੀ ਹੈ ਜਿਸ ਨਾਲ ਸਮਾਜ ਦੀ ਵੰਡ ਹੋਵੇ। ਭਾਜਪਾ ਹਰ ਅਜਿਹੇ ਮੌਕੇ ਤੇ ਦੋ ਤਰ੍ਹਾਂ ਦੇ ਰਾਗ ਅਲਾਪਦੀ ਹੈ- ਬਹੁਗਿਣਤੀ ਦੇ ਹੱਕਾਂ ਦਾ ਅਤੇ ਦੂਜਾ 'ਵੋਟ ਬੈਂਕ' ਦਾ। ਪਹਿਲੀ ਗੱਲ ਤਾਂ ਇਹ ਹੈ ਕਿ ਜਿਸ ਬਹੁਗਿਣਤੀ ਦੀ ਗੱਲ ਭਾਜਪਾ ਕਰਦੀ ਹੈ, ਉਹ ਬਹੁਗਿਣਤੀ ਹੈ ਹੀ ਨਹੀਂ।

ਜੇਕਰ ਉਹ ਬਹੁਗਿਣਤੀ ਹੈ ਵੀ ਤਾਂ ਉਸ ਦਾ ਭਾਜਪਾ ਨੂੰ ਕੋਈ ਸਮਰਥਨ ਨਹੀਂ ਹੈ। ਜੇਕਰ ਭਾਜਪਾ ਨੂੰ ਬਹੁਗਿਣਤੀ ਦਾ ਸਮਰਥਨ ਪ੍ਰਾਪਤ ਹੁੰਦਾ ਤਾਂ ਉਸਦੀਆਂ ਪਾਰਲੀਮੈਂਟ ਵਿਚ ਘੱਟੋ ਘੱਟ 400 ਸੀਟਾਂ ਹੁੰਦੀਆਂ। ਇਸ 'ਬਹੁਗਿਣਤੀ' ਦਾ ਸਮਰਥਨ ਕਾਂਗਰਸ ਅਤੇ ਕੁਝ ਖੇਤਰੀ ਪਾਰਟੀਆਂ ਨੂੰ ਪ੍ਰਾਪਤ ਹੈ। ਜਿੱਥੋਂ ਤੱਕ ਵੋਟ ਬੈਂਕ ਦਾ ਸਵਾਲ ਹੈ ਜੋ ਲੋਕ ਕਾਂਗਰਸ ਪਾਰਟੀ ਦਾ ਸਮਰਥਨ ਕਰਦੇ ਹਨ ਕੀ ਕਾਂਗਰਸ ਦਾ ਲੋਕਤੰਤਰੀ ਫਰਜ਼ ਨਹੀਂ ਹੈ ਕਿ ਉਹਨਾਂ ਦੇ ਹੱਕਾਂ ਦੀ ਗੱਲ ਕਰੇ?

ਫਿਰ ਇਸ ਵੋਟ ਬੈਂਕ ਦੇ ਤਾਅਨੇ ਦਾ ਕੀ ਮਤਲਬ ਹੈ? ਇਹ ਬਿਲ ਇਸ ਸੈਸ਼ਨ ਵਿਚ ਪਾਸ ਹੋਵੇ ਜਾਂ ਨਾ ਹੋਵੇ, ਇਸ ਉਤੇ ਬਹਿਸ ਹੋਣ ਨਾਲ ਭਾਜਪਾ ਦਾ ਫਿਰਕੂ ਚਿਹਰਾ ਹੋਰ ਉਘੜ ਕੇ ਸਾਹਮਣੇ ਆ ਜਾਵੇਗਾ, ਜਿਸ ਦਾ ਕਾਂਗਰਸ ਨੂੰ ਲੋਕ ਸਭਾ ਚੋਣਾਂ 2013 ਵਿਚ ਕਾਫੀ ਲਾਭ ਹੋਵੇਗਾ।

ਇਹ ਬਿਲ ਅਸਲ ਵਿਚ ਬਹੁਤ ਪਹਿਲਾਂ ਹੀ ਪੇਸ਼ ਅਤੇ ਪਾਸ ਹੋ ਜਾਣਾ ਚਾਹੀਦਾ ਸੀ, ਜੇਕਰ ਫਿਰਕੂ ਸੋਚ ਦੇ ਲੋਕਾਂ ਦੇ ਸ਼ਿਕੰਜਾ ਕਸਿਆ ਜਾਂਦਾ ਹੈ ਤਾਂ ਇਸ ਦੇਸ਼ ਵਿਚ ਧਾਰਮਿਕ ਘੱਟ ਗਿਣਤੀਆਂ ਨੂੰ ਭਿਆਨਕ ਦੁੱਖ ਨਾ ਝੱਲਣੇ ਪੈਂਦੇ। ਕੁਝ ਸੰਗਠਨ ਲਗਾਤਾਰ ਘੱਟ ਗਿਣਤੀਆਂ ਵਿਰੁੱਧ ਨਫਰਤ ਦਾ ਜ਼ਹਿਰ ਫੈਲਾ ਰਹੇ ਹਨ, ਕੀ ਉਹਨਾਂ ਵਿਰੁੱਧ ਕਾਰਵਾਈ ਕਰਨੀ ਸਰਕਾਰ ਦਾ ਫਰਜ਼ ਨਹੀਂ? 1984 ਵਿਚ ਦਿੱਲੀ ਵਿਚ ਜੋ ਸਿੱਖਾਂ ਤੇ ਜ਼ੁਲਮੋ ਸਿਤਮ ਹੋਇਆ, 2002 ਵਿਚ ਜੋ ਗੁਜਰਾਤ ਵਿਚ ਮੁਸਲਮਾਨਾਂ ਤੇ ਬੀਤੀ, 1998 ਵਿਚ ਜੋ ਇਸਾਈਆਂ ਤੇ ਉੜੀਸਾ ਵਿਚ ਅਤੇ ਉਸ ਪਿੱਛੋਂ ਜੋ ਕਰਨਾਟਕ ਤੇ ਆਂਧਰਾ ਪ੍ਰਦੇਸ਼ ਵਿਚ ਬੀਤੀ ਉਹ ਨਾ ਬੀਤਦੀ ਜਾਂ ਉਸਦਾ ਅਸਰ ਘੱਟ ਹੋ ਗਿਆ ਹੁੰਦਾ ਹੈ। ਅਸੀਂ ਸਮਝਦੇ ਹਾਂ ਕਿ ਦੇਸ਼ ਦੀ ਫਿਜ਼ਾ ਵਿਚ ਫਿਰਕਾਪ੍ਰਸਤੀ ਦਾ ਜ਼ਹਿਰ ਘੋਲਣ ਵਾਲਿਆਂ ਵਿਰੁੱਧ ਸਖਤ ਕਾਰਵਾਈ ਹੋਣੀ ਚਾਹੀਦੀ ਹੈ। ਅਸੀਂ ਇਸ ਬਿਲ ਦਾ ਸਵਾਗਤ ਕਰਦੇ ਹਾਂ।


## ਸ੍ਰੀ ਗੁਰੂ ਰਵਿਦਾਸ ਟਰੱਕ ਡਰਾਈਵਰ ਯੂਨੀਅਨ ਕੈਲੀਫੋਰਨੀਆ (ਅਮਰੀਕਾ)



ਬਾਬਾ ਸਾਹਿਬ ਭੀਮ ਰਾਓ ਅੰਬੇਦਕਰ

ਸਾਰੇ ਟਰੱਕ ਡਰਾਈਵਰ ਵੀਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 637ਵੇਂ ਗੁਰਪੁਰਬ ਅਤੇ 14ਵੇਂ ਮਹਾਨ ਨਗਰ ਕੀਰਤਨ ਸਬੰਧੀ ਸੇਵਾ ਕਰਨ ਲਈ ਅਤੇ ਆਪਣਾ ਬਣਦਾ ਯੋਗਦਾਨ ਪਾਉਣ ਲਈ ਉਪਰਾਲਾ ਕੀਤਾ ਜਾ ਰਿਹਾ ਹੈ।

ਕਿਰਪਾ ਕਰਕੇ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾਵੇ




ਗੁਰੂ ਰਵਿਦਾਸ ਜੀ

ਸੋਨੂੰ ਅੰਬੇਡਕਰ (916) 320-1647, ਰਾਜ ਸੂਦ (916) 370-3542
ਰਜਿੰਦਰ ਸਿੰਘ (916) 938-8416, ਜਤਿੰਦਰ ਥਿੰਦ (916) 410-9193, ਪਵਨ ਪੰਮਾ (916) 412-6562

# ਪੰਡਿਤ ਜਗਤ ਰਾਮ ਗਦਰੀ ਬਾਬੇ ਦੀ ਯਾਦ ਵਿਚ ਸਮਾਗਮ









ਹਰਿਆਣਾ- ਵਤਨ ਦੇ ਲੋਕਾਂ ਦੀ ਹਕੀਕੀ ਆਜ਼ਾਦੀ ਲਈ ਜੂਝੇ ਅਨੇਕਾਂ ਸ਼ਹੀਦ ਗ਼ਦਰੀ ਬਾਬਿਆਂ ਦਾ ਸ਼ਤਾਬਦੀ ਵਰ੍ਹਾ ਮਨਾਉਂਦਿਆਂ, ਗ਼ਦਰੀ ਬਾਬੇ ਪੰਡਿਤ ਜਗਤ ਰਾਮ ਦੀ ਯਾਦ ਵਿਚ ਕਸਬਾ ਹਰਿਆਣਾ ਦੀ ਪੁਰਾਣੀ ਸਬਜ਼ੀ ਮੰਡੀ ਵਿਚ ਇਕ ਸ਼ਤਾਬਦੀ ਸਮਾਰੋਹ ਆਯੋਜਿਤ ਕੀਤਾ ਗਿਆ। ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਮੈਂਬਰ ਸਾਥੀ ਚਰੰਜੀ ਲਾਲ, ਡਾ, ਕਰਮਜੀਤ ਸਿੰਘ ਅਤੇ ਸੀਤਲ ਸਿੰਘ ਸੰਘਾ ਵਿਸ਼ੇਸ਼ ਤੌਰ ਤੇ ਸਮਾਗਮ ਵਿਚ ਸ਼ਾਮਿਲ ਹੋਏ। ਪੰਡਿਤ ਜਗਤ ਰਾਮ ਦੇ ਪਰਿਵਾਰ ਦੇ ਮੈਂਬਰ ਰਵਿੰਦਰ ਕੁਮਾਰ (ਭੋਲੂ ਪ੍ਰਧਾਨ) ਸਾਬਕਾ ਐਮਥ ਸੀਥ ਪ੍ਰਧਾਨ, ਦੇ ਸਹਿਯੋਗ ਅਤੇ ਸੱਦੇ ਤੇ ਆਯੋਜਿਤ ਸਮਾਰੋਹ ਦਾ ਪ੍ਰਬੰਧ ਕਰਦੇ ਮਾਸਟਰ ਗੁਰਦੇਵ ਦੱਤ, ਜਗਦੀਸ਼ ਕੁਮਾਰ, ਸੁਰਿੰਦਰ ਕੁਮਾਰ, ਐਮ ਪੀ ਸ਼ਰਮਾ, ਸ਼ਿਵ ਦੱਤ ਪਰਾਸ਼ਰ, ਤਰਸੇਮ ਲਾਲ ਨੂਰਪੁਰ, ਓਮ ਸਿੰਘ ਸਟਿਆਣਾ, ਇੰਜ਼ ਗੁਰਮੇਲ ਸਿੰਘ ਅਤੇ ਮਹਿੰਦਰ ਸਿੰਘ ਖੈਰੜ ਆਦਿ ਨੇ ਦੱਸਿਆ ਕਿ ਉਹ ਸਮਾਗਮ ਤੋਂ ਪਹਿਲਾਂ ਤੀਹ ਤੋਂ ਵੱਧ ਪਿੰਡਾਂ ਵਿਚ ਗ਼ਦਰੀ ਬਾਬਿਆਂ ਦਾ ਸੁਨੇਹਾ ਘਰ ਘਰ ਪਹੁੰਚਾ ਕੇ ਸੱਦਾ ਵੀ ਦੇ ਚੁੱਕੇ ਹਨ।

ਮਹਿੰਦਰ ਸਿੰਘ ਖੈਰੜ ਨੇ ਸਟੇਜ ਸੰਭਾਲ਼ਦਿਆਂ ਪੰਡਿਤ ਜਗਤ ਰਾਮ ਅਤੇ ਗ਼ਦਰੀ ਬਾਬਿਆ ਦਾ ਆਸ਼ਾ ਸਰੋਤਿਆਂ ਨਾਲ ਸਾਂਝਾ ਕੀਤਾ। ਕੁਲਤਾਰ ਸਿੰਘ ਕੁਲਤਾਰ ਨੇ 'ਬੜਾ ਯੋਗ ਦਾਨ ਪਾਇਆ ਬੱਬਰਾਂ ਅਕਾਲੀਆਂ, ਨਾਂ ਦੀ ਕਵਿਤਾ ਪੜ੍ਹ ਕੇ ਬੱਬਰਾਂ ਦੀ ਵਿਚਾਰਧਾਰਾ ਤੋਂ ਅੱਜ ਜੋ ਕੁਝ ਉਲਟ ਹੋ ਰਿਹਾ ਹੈ ਉਸਤੇ ਉਂਗਲ ਰੱਖੀ। ਅਰਸ਼ਮੀਤ ਆਸ਼ੂ ਨਿੱਕੇ ਕਲਾਕਾਰ ਨੇ 'ਮੈਨੂੰ ਬੰਦਾ ਰਹਿਣ ਦੇ' ਨਾਂ ਦੀ ਕਵਿਤਾ ਕਹਿ ਕੇ ਮਾਨਵਵਾਦੀ ਬਣਨ ਦੀ ਪ੍ਰੇਰਣਾ ਦਿੱਤੀ। ਚਰੰਜੀ ਲਾਲ, ਸੀਤਲ ਸਿੰਘ ਸੰਘਾ, ਬਲਵੰਤ ਸਿੰਘ ਖੇੜਾ, ਪ੍ਰਿੰਸੀਪਲ ਜੋਗਿੰਦਰ ਸਿੰਘ ਬਰਿਆਣਾ ਆਦਿ ਨੇ ਗ਼ਦਰ ਲਹਿਰ ਦਾ ਇਤਿਹਾਸ ਦੁਹਰਾਉਂਦੇ ਹੋਏ ਦੱਸਿਆ ਕਿ ਜਿਸ ਹਕੀਕੀ ਆਜ਼ਾਦੀ ਲਈ ਗਦਰੀ ਬਾਬਿਆਂ ਨੇ ਸ਼ਹਾਦਤਾਂ ਦਿੱਤੀਆਂ ਉਹ ਆਜ਼ਾਦੀ ਅਜੇ ਪ੍ਰਾਪਤ ਨਹੀਂ ਹੋਈ। ਅਜੇ ਲੋਕ ਰੋਟੀ, ਕਪੜਾ, ਮਕਾਨ ਸਿੱਖਿਆ ਸਿਹਤ ਅਤੇ ਹੋਰ ਸਹੂਲਤਾਂ ਆਦਿ ਜਾਂ ਮੁਢਲੀਆ ਲੋੜਾਂ ਦੀ ਪ੍ਰਾਪਤੀ ਲਈ ਜੂਝ ਰਹੇ ਹਨ।

ਇਸ ਮੌਕੇ 'ਪ੍ਰਗਤੀ ਕਲਾ ਕੇਂਦਰ ਦੇ ਨਿਰਦੇਸ਼ਕ ਸੋਢੀ ਰਾਣਾ ਅਤੇ ਮੱਖਣ ਕ੍ਰਾਂਤੀ ਦੀ ਅਗਵਾਈ ਹੇਠ ਤਿੰਨ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ।

ਅੰਤ ਵਿਚ ਵਿਖਾਏ ਨਾਟਕ "ਤਮਾਸਾਥ-ਏ-ਹਿੰਦੋਸਤਾਨ" ਵਿਚ ਸਰਕਾਰ ਅਤੇ ਅਫਸਰਸ਼ਾਹੀ ਵਲੋਂ ਰਿਸ਼ਵਤਖੋਰੀ, ਸਰਕਾਰੀ ਹਸਪਤਾਲਾਂ ਵਿਚ ਰੁਲ ਰਹੇ ਮਰੀਜ਼ਾਂ ਦੀ ਦੁਰਦਸ਼ਾ ਅਤੇ ਥਾਣਿਆਂ ਵਿਚ ਹੋ ਰਹੀ ਆਮ ਲੋਕਾਂ ਦੀ ਲੁੱਟ ਅਤੇ ਕੁੱਟ ਨੂੰ ਬੜੇ ਹੀ ਪ੍ਰਭਾਵਸ਼ਾਲੀ ਅੰਦਾਜ਼ ਵਿਚ ਪੇਸ਼ ਕਰਦਿਆਂ ਦੇਸ਼ ਦੀ ਨਿਘਾਰ ਗ੍ਰਸਤ ਹਾਲਤ ਦੀ ਤ੍ਰਾਸਦੀ ਬਿਆਨ ਕੀਤੀ।

ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਵਲੋਂ 28 ਅਕਤੂਬਰ ਤੋਂ ਪਹਿਲੀ ਨਵੰਬਰ ਤਕ ਆਯੋਜਿਤ ਕੀਤੇ ਜਾ ਰਹੇ ਪੰਜ-ਦਿਨਾਂ ਗਦਰੀ ਬਾਬਿਆ ਦੇ ਮੇਲੇ ਦੌਰਾਨ ਚਲਾਏ ਜਾਣ ਵਾਲੇ ਲੰਗਰ ਲਈ ਸ੍ਰਤਿਆਂ ਵਲੋਂ ਬੜੇ ਹੀ ਉਤਸ਼ਾਹ ਨਾਲ ਵੱਧ ਚੜ੍ਹ ਕੇ ਆਰਥਿਕ ਹਿੱਸਾ ਪਾਇਆ ਗਿਆ।

– ਕੁਲਤਾਰ ਸਿੰਘ ਕੁਲਤਾਰ

# ਗਦਰੀ ਬਾਬਾ ਹਰਨਾਮ ਸਿੰਘ ਟੁੰਡੀਲਾਟ ਦੀ ਯਾਦ ਵਿਚ ਯਾਦਗਾਰੀ ਸਮਾਗਮ














ਕੋਟਲਾ ਨੌਧ ਸਿੰਘ- ਦੇਸ਼ ਭਗਤ ਯਾਦਗਾਰ ਕਮੇਟੀ ਵਲੋਂ ਲਏ ਗਏ ਫੈਸਲਿਆਂ ਅਨੁਸਾਰ ਗਦਰੀ ਬਾਬਿਆਂ ਦਾ ਸ਼ਤਾਬਦੀ ਵਰ੍ਹਾ ਮਨਾਉਣ ਦੀ ਕੜੀ ਵਜੋਂ ਬਾਬਾ ਹਰਨਾਮ ਸਿੰਘ ਟੁੰਡੀਲਾਟ ਦੀ ਯਾਦ ਵਿਚ ਉਨ੍ਹਾਂ ਦੇ ਪਿੰਡ ਕੋਟਲਾ ਨੌਧ ਸਿੰਘ ਵਿਚ ਇਕ ਯਾਦਗਾਰੀ ਸਮਾਰੋਹ ਆਯੋਜਿਤ ਕੀਤਾ ਗਿਆ। ਸ਼ੁਰੂ ਵਿਚ ਬੇਟੀ ਸਿਮਰਨ ਕੌਰ ਵਲੋਂ ਸਮਾਜਿਕ ਅਤੇ ਇਨਕਲਾਬੀ ਬੋਲੀਆਂ, ਅਰਸ਼ਮੀਤ ਆਸ਼ੂ ਵਲੋਂ ਕਵਿਤਾ ਉਪਰੰਤ ਕੁਲਤਾਰ ਸਿੰਘ ਕੁਲਤਾਰ ਨੇ ਸੰਪ੍ਰਦਾਇਕ ਜਨੂੰਨ ਖਿਲਾਫ਼ ਇਕ ਕਵਿਤਾ "ਵਾਹ ਭਈ ਭਗਤੋ ਵਾਹ' ਸੁਣਾ ਕੇ ਸ਼੍ਰੋਤਿਆਂ ਤੋਂ ਵਾਹ ਵਾਹ ਖੱਟੀ। ਇਕ ਹੋਰ ਬੱਚੇ ਨੇ 'ਹਿੰਦ ਵਾਸੀਓ ਰੱਖਣਾ ਯਾਦ ਸਾਨੂੰ' ਕਵਿਤਾ ਪੇਸ਼ ਕੀਤੀ। ਮੰਚ ਸੰਚਾਲਨ ਦੇ ਫਰਜ਼ ਸ਼੍ਰੀ ਗੁਰਮੇਲ ਸਿੰਘ ਨੇ ਨਿਭਾਏ। ਪ੍ਰਗਤੀ ਕਲਾ ਕੇਂਦਰ ਲਾਂਬੜਾ ਦੀ ਨਾਟਕ ਮੰਡਲੀ ਵਲੋਂ ਆਰੰਭ ਵਿਚ ਅਤੇ ਸਮਾਗਮ ਦੇ ਦੌਰਾਨ ਦੋ ਕੋਰੀਓਗ੍ਰਾਫੀਆਂ ਅਤੇ ਇਕ ਨਾਟਕ "ਸਮਾਜ" ਰਾਹੀਂ ਸਮਾਜਿਕ ਕੋਹੜ ਦਾ ਘਿਨਾਉਣਾ ਪੱਖ ਦਾਜ ਦੀ ਬਲੀ ਚੜ੍ਹਾਉਣਾ, ਨਸ਼ਿਆਂ ਰਾਹੀਂ ਤਬਾਹ ਹੋ ਰਹੀ ਜਵਾਨੀ, ਸਮਾਜ ਵਿਚ ਔਰਤ ਦੀ ਦਸ਼ਾ, ਪੁਲਸ ਜਬਰ ਅਤੇ ਲੋਕਾਂ ਦੀ ਹੋ ਰਹੀ ਲੁੱਟ ਆਦਿ ਦੀ ਪੇਸ਼ਕਾਰੀ ਕਰ ਕੇ ਸਰੋਤਿਆਂ ਨੂੰ ਜਜ਼ਬਾਤੀ ਰੌਅ ਵਿਚ ਵਹਾ ਦਿੱਤਾ। ਸਾਥੀ ਮਹਿੰਦਰ ਸਿੰਘ ਖੈਰੜ ਨੇ ਗਦਰੀ ਬਾਬਿਆਂ ਦੀ ਸ਼ਤਾਬਦੀ ਮਨਾਉਣ ਅਤੇ ਉਨ੍ਹਾਂ ਦੇ ਵਿਚਾਰ ਲੋਕਾਂ ਤਕ ਲੈ ਜਾਣ ਬਾਰੇ ਵਿਸਤਾਰ ਪੂਰਵਕ ਗੱਲ ਕੀਤੀ। ਡਾਕਟਰਮਜੀਤ ਸਿੰਘ ਨੇ ਗਦਰੀ ਬਾਬਿਆਂ ਦੀ ਵਿਚਾਰਧਾਰਾ, ਉਨ੍ਹਾਂ ਦੀ ਮਜ਼ਹਬੀ ਅਤੇ ਜਾਤੀਵਾਦੀ ਵਖਰੇਵਿਆਂ ਤੋਂ ਉਪਰ ਉੱਠ ਕੇ ਵਤਨ ਦੀ ਆਜ਼ਾਦੀ ਲਈ ਇਕੱਠੇ ਹੋ ਕੇ ਅੰਗ੍ਰੇਜ਼ੀ ਹਕੂਮਤ ਵਿਰੁੱਧ ਲੜਨ ਦਾ ਸੰਕਲਪ ਉਦਾਹਰਣਾਂ ਦੇ ਕੇ ਸ਼ਰੋਤਿਆਂ ਨਾਲ ਸਾਂਝਾ ਕੀਤਾ। ਹੋਰ ਬੁਲਾਰਿਆਂ ਵਿਚ ਓਮ ਸਿੰਘ ਸਟਿਆਣਾ, ਮਹਿੰਦਰ ਸਿੰਘ ਜੋਸ਼, ਨਛੱਤਰ ਸਿੰਘ, ਮਾਸਟਰ ਤਰਲੋਚਨ ਸਿੰਘ, ਜਗਦੀਸ਼ ਕੁਮਾਰ, ਪਿੰਸੀਪਲ ਜੋਗਿੰਦਰ ਸਿੰਘ ਅਤੇ ਕਮੇਟੀ ਮੈਂਬਰ ਸੀਤਲ ਸਿੰਘ ਸੰਘਾ ਅਤੇ ਗੁਰਮੀਤ ਸਿੰਘ ਢੱਡਾ ਆਦਿ ਨੇ ਗਦਰੀ ਬਾਬਿਆਂ ਦੀ ਵਿਚਾਰਧਾਰਾ ਦੇ ਵੱਖ ਵੱਖ ਪਹਿਲੂਆਂ ਉਪਰ ਚਾਨਣਾ ਪਾਇਆ। ਯਾਦਗਾਰ ਕਮੇਟੀ ਵਲੋਂ ਸਾਥੀ ਚਰੰਜੀ ਲਾਲ ਜੀ ਨੇ ਇਤਿਹਾਸਕ ਹਵਾਲੇ ਦਿੰਦਿਆ ਅਜੋਕੀ ਅਵਸਥਾ ਅਤੇ ਸਰਕਾਰ ਦਾ ਲੋਕ ਮਾਰੂ ਕਿਰਦਾ ਲੋਕਾਂ ਸਾਹਮਣੇ ਨੰਗਾ ਕੀਤਾ। ਉਨ੍ਹਾਂ ਨੇ ਵਿਸ਼ੇ ਤੌਰ ਤੇ ਗਦਰੀ ਅੰਦੋਲਨ ਵਿਚ ਗਦਰੀ ਗੁਲਾਬ ਕੌਰ ਵਰਗਿਆ ਔਰਤਾਂ ਦੀ ਭੂਮਿਕਾ ਨੂੰ ਵਿਸਤਾਰ ਵਿਚ ਲੋਕਾਂ ਸਾਹਮਣੇ ਲਿਆਂਦਾ। ਉਨ੍ਹਾਂ ਵਲੋਂ ਜਲੰਧਰ ਵਿਖੇ 28 ਅਕਤੂਬਰ ਤੋਂ ਪਹਲਿ ਨਵੰਬਰ ਤਕ ਹੋ ਰਹੇ ਗਦਰੀ ਬਾਬਿਆਂ ਦੇ ਪੰਜ ਦਿਨਾ ਸਮਾਗਮਾਂ ਵਿਚ ਚਲਾਏ ਜਾ ਰਹੇ ਲੰਗਰ ਲਈ ਪੰਡ ਦੀ ਅਪੀਲ ਕਰਨ ਤੇ ਲੋਕਾਂ ਨੇ ਦਿਲ ਕੋਲ੍ਹ ਕੇ ਆਰਥਿਕ ਸਹਿਯੋਗ ਦਿੱਤਾ।

– ਕੁਲਤਾਰ ਸਿੰਘ ਕੁਲਤਾਰ



ਖਟਕੜ ਕਲਾਂ 'ਚ ਪੰਜਾਬੀ ਸਾਹਿਤ ਸਭਾ ਵਲੋਂ ਕਰਵਾਏ .ਗਦਰ ਸ਼ਤਾਬਦੀ ਮੇਲੇ ਦੌਰਾਨ ਸੋਵੀਨਾਰ ਲੋਕ ਮੰਚ ਜਾਰੀ ਕਰਦੀਆਂ ਹੋਈਆਂ ਪ੍ਰਮੁੱਖ ਸ਼ਖ਼ਸੀਅਤਾਂ। ਤਸਵੀਰ: ਅਮੋਲਕ ਸਿੰਘ ਢਿੱਲੋਂ

# ਪੰਜਾਬੀ ਯੂਨੀਵਰਸਿਟੀ ਵੱਲੋਂ ਗੱਤਕਾ ਕੋਚਿੰਗ ਲਈ ਡਿਪਲੋਮਾ ਕੋਰਸ ਸ਼ੁਰੂ -ਭੁੱਲਰ

## ਮਾਰਸ਼ਲ ਆਰਟ ਦੀ ਪ੍ਰਫੁੱਲਤਾ 'ਚ ਮੀਲ ਪੱਥਰ ਸਾਬਤ ਹੋਵੇਗਾ ਇਹ ਡਿਪਲੋਮਾ

ਚੰਡੀਗੜ- ਮਾਰਸ਼ਲ ਆਰਟ ਗੱਤਕੇ ਦੀ ਪੇਸ਼ੇਵਰਾਨਾ ਕੋਚਿੰਗ ਅਤੇ ਵਿਰਾਸਤੀ ਫਲਸਫੇ ਪ੍ਰਤੀ ਬੌਧਿਕ ਸਮਰੱਥਾ ਵਿੱਚ ਵਾਧਾ ਕਰਨ ਦੇ ਉਦੇਸ਼ ਹੇਠ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਗੱਤਕਾ ਕੋਚਿੰਗ ਲਈ ਚਾਲੂ ਅਕਾਦਮਿਕ ਵਰੇ ਤੋਂ ਇੱਕ ਸਾਲ ਦਾ ਡਿਪਲੋਮਾ ਕੋਰਸ ਸ਼ੁਰੂ ਕੀਤਾ ਗਿਆ ਹੈ।

ਇਹ ਕੋਰਸ ਪੰਜਾਬੀ ਯੂਨੀਵਰਸਿਟੀ ਅਤੇ ਵਿਸ਼ਵ ਗੱਤਕਾ ਫੈਡਰੇਸ਼ਨ ਦਰਮਿਆਨ ਪਿਛਲੇ ਦਿਨੀਂ ਹੋਏ ਇੱਕ ਇਤਿਹਾਸਕ ਸਮਝੌਤੇ (ਐਮ.ਓ.ਯੂ.) ਤਹਿਤ ਚਾਲੂ ਕੀਤਾ ਗਿਆ ਹੈ ਜਿਸ ਤਹਿਤ ਗੱਤਕੇ ਨੂੰ ਅਕਾਦਮਿਕ ਖੇਤਰ, ਖੇਡ ਪੱਧਰ ਅਤੇ ਵਿਗਿਆਨਕ ਖੋਜ਼ ਕਾਰਜ ਵਜੋਂ ਤਿੰਨ ਦਿਸ਼ਾਵੀ ਰੂਪ ਵਿੱਚ ਪ੍ਰਫੁੱਲਤ ਕੀਤਾ ਜਾਵੇਗਾ।

ਅੱਜ ਇੱਥੇ ਇਹ ਜਾਣਕਾਰੀ ਦਿੰਦੇ ਹੋਏ ਗੱਤਕਾ ਫੈਡਰੇਸ਼ਨ ਆਫ਼ ਇੰਡੀਆ ਦੇ ਪ੍ਰਧਾਨ ਸ. ਹਰਚਰਨ ਸਿੰਘ ਭੁੱਲਰ ਨੇ ਦੱਸਿਆ ਕਿ ਉਕਤ ਐਮ.ਓ.ਯੂ. ਪੰਜਾਬੀ ਯੂ-ਨੀਵਰਸਿਟੀ ਦੇ ਉਪ-ਕੁਲਪਤੀ ਡਾ. ਜਸਪਾਲ ਸਿੰਘ ਅਤੇ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਪ੍ਰਧਾਨ ਸ. ਸੁਖਦੇਵ ਸਿੰਘ ਢੀਂਡਸਾ ਵੱਲੋਂ ਸਹੀਬੰਦ ਹੋਇਆ ਹੈ। ਉਨਾਂ ਦੱਸਿਆ ਕਿ ਇਸ ਕੋਰਸ ਲਈ 25 ਸੀਟਾਂ ਹੋਣਗੀਆਂ ਅਤੇ ਵਿਦਿਆਰਥੀਆਂ ਨੂੰ ਵਿਰਾਸਤੀ ਗੱਤਕੇ ਦੇ ਪ੍ਰਵਾਨਿਤ ਨਿਯਮਾਂ ਬਾਰੇ ਪੜਾਇਆ ਜਾਵੇਗਾ ਜਿਸ ਵਿੱਚ ਪੈਂਤੜਾ, ਤਕਨੀਕ, ਵਿਗਿਆਨਕ ਅਤੇ ਉਪਚਾਰਾਤਮਕ ਵਿਧੀਆਂ ਬਾਰੇ ਵੀ ਜਾਣਕਾਰੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਸਾਫਟ ਸਕਿੱਲ, ਪੇਸ਼ੇਵਰ ਨੀਤੀਆਂ ਅਤੇ ਈਵੈਂਟ ਮੈਨੇਜਮੈਂਟ ਤਕਨੀਕਾਂ ਬਾਰੇ ਵੀ ਸਿਖਲਾਈ ਦਿੱਤੀ ਜਾਵੇਗੀ। ਇਸ ਸਬੰਧੀ ਪਾਠ-ਸਮੱਗਰੀ ਸਪੋਰਟਸ ਸਾਇੰਸ ਵਿਭਾਗ ਅਤੇ ਵਿਸ਼ਵ ਗੱਤਕਾ ਫੈਡਰੇਸ਼ਨ ਵੱਲੋਂ ਤਿਆਰ ਕੀਤੀ ਗਈ ਹੈ। ਪਾਠ-ਸਮੱਗਰੀ 'ਚ ਪ੍ਰੈਕਟੀਕਲ ਟ੍ਰੇਨਿੰਗ ਵੀ ਹੋਵੇਗੀ ਅਤੇ ਗੱਤਕੇ ਦੇ ਕਿਸੇ ਖਾਸ ਪੱਖ ਬਾਰੇ ਵਿਦਿਆਰਥੀਆਂ ਤੋਂ ਥੀਸਿਸ ਵੀ ਲਿਖਵਾਇਆ ਜਾਵੇਗਾ।

ਉਨ੍ਹਾਂ ਅੱਗੇ ਦੱਸਿਆ ਕਿ ਅਜਿਹੇ ਅਕਾਦਮਿਕ ਕੋਰਸਾਂ ਦੇ ਜ਼ਰੀਏ ਗੱਤਕਾ ਫੈਡਰੇਸ਼ਨ ਆਫ ਇੰਡੀਆ ਦਾ ਟੀਚਾ ਹੈ ਕਿ ਜਿੱਥੇ ਵਿਸ਼ਵ ਪੱਧਰ ਦੇ ਗੱਤਕਾ ਖਿਡਾਰੀ, ਕੋਚ ਅਤੇ ਅਧਿਆਪਕ ਪੈਦਾ ਕੀਤੇ ਜਾਣ ਉਥੇ ਇਸ ਪੁਰਾਤਨ ਰਵਾਇਤ ਨੂੰ ਸੰਭਾਲਣ, ਪ੍ਰਫੁੱਲਤ ਕਰਨ ਅਤੇ ਇਸ ਨੂੰ ਹੋਰ ਵਿਕਸਤ ਕਰਨ ਵਿੱਚ ਸਹਾਇਤਾ ਮਿਲੇਗੀ ਅਤੇ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਗੱਤਕਾ ਖੇਡ ਨੂੰ ਮਾਨਤਾ ਦਿਵਾਈ ਜਾ ਸਕੇਗੀ।

# ਮੁੱਖ ਮੰਤਰੀ ਵੱਲੋਂ ਵਿਦਿਆਰਥਣਾਂ ਨੂੰ ਮੁਫ਼ਤ ਸਾਇਕਲ ਵੰਡਣ ਲਈ ਮਾਈ ਭਾਗੋ ਵਿਦਿਆ ਸਕੀਮ ਦਾ ਆਗਾਜ਼

ਲੁਧਿਆਣਾ (ਪ੍ਰੀਤੀ ਸ਼ਰਮਾ) ਪੰਜਾਬ ਦੇ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਨੇ ਅੱਜ ਲੋਕਾਂ ਨੂੰ ਕੇਂਦਰ ਵਿੱਚ ਭਾਜਪਾ ਦੀ ਅਗਵਾਈ ਵਾਲੀ ਕੌਮੀ ਜਮਹੂਰੀ ਗਠਜੋੜ (ਐਨ.ਡੀ.ਏ.) ਸਰਕਾਰ ਲਿਆਉਣ ਦਾ ਸੱਦਾ ਦਿੱਤਾ ਤਾਂ ਕਿ ਸੌੜੀ ਸਿਆਸਤ ਨਾਲ ਲਬਰੇਜ਼ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਦੇ 'ਪਾੜੋ ਤੇ ਰਾਜ ਕਰੋ' ਦੇ ਇੱਕ ਨੁਕਾਤੀ ਏਜੰਡੇ ਦਾ ਸਦੀਵੀ ਅੰਤ ਕੀਤਾ ਜਾ ਸਕੇ।




ਅੱਜ ਇੱਥੇ ਮਾਈ ਭਾਗੋ ਵਿਦਿਆ ਸਕੀਮ ਦੀ ਸ਼ੁਰੂਆਤ ਕਰਨ ਮੌਕੇ ਕਰਵਾਏ ਰਾਜ ਪੱਧਰੀ ਸਮਾਗਮ ਦੌਰਾਨ ਇੱਕ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਆਖਿਆ ਕਿ ਭ੍ਰਿਸ਼ਟਾਚਾਰ ਅਤੇ ਬਦਇੰਤਜ਼ਾਮੀ ਨੂੰਪ੍ਰਣਾਈ ਯੂ.ਪੀ.ਏ. ਸਰਕਾਰ ਇੱਕ ਦਹਾਕਾ ਲੰਮੇ ਕਾਰਜਕਾਲ ਦੌਰਾਨ ਦੇਸ਼ ਵਾ-ਸੀਆਂ ਨੂੰ ਬਿਹਤਰ ਸ਼ਾਸਨ ਦੇਣ ਵਿੱਚ ਬੁਰੀ ਤਰ੍ਹਾਂ ਨਾਕਾਮ ਸਿੱਧ ਹੋਈ ਹੈ। ਉਨ੍ਹਾਂ ਆਖਿਆ ਕਿ ਇਹ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਕਿ ਆਪਣੀਆਂ ਇਨ੍ਹਾਂ ਨਾਕਾਮੀਆਂ ਕਰਕੇ ਆਗਾਮੀ ਲੋਕ ਸਭਾ ਚੋਣਾਂ ਦੌਰਾਨ ਯੂ.ਪੀ.ਏ. ਸਰਕਾਰ ਚਲਦੀ ਹੋ ਜਾਵੇਗੀ ਅਤੇ ਘੁਟਾਲਿਆਂ ਵਿੱਚ ਫਸੀ ਪ੍ਰਭਾਵਹੀਣ ਅਤੇ ਭ੍ਰਿਸ਼ਟ ਇਸ ਸਰਕਾਰ ਦਾ ਇੱਕੋ ਇੱਕ ਬਦਲ ਕੇਂਦਰ ਲੋਕ ਪੱਖੀ ਐਨ.ਡੀ.ਏ. ਸਰਕਾਰ ਹੈ। ਸ. ਬਾਦਲ ਨੇ ਸਪੱਸ਼ਟ ਸ਼ਬਦਾਂ ਵਿੱਚ ਆਖਿਆ ਕਿ ਕਾਂਗਰਸ ਨੇ ਆਪਣੀਆਂ ਫੁੱਟ ਪਾਊ ਨੀਤੀਆਂ ਨਾਲ ਦੇਸ਼ ਉਪਰ ਲਗਭਗ ਛੇ ਦਹਾਕੇ ਰਾਜ ਕੀਤਾ ਹੈ ਜਿਸ ਨੇ ਇਨ੍ਹਾਂ ਨੀਤੀਆਂ ਨਾਲ ਲੋਕਾਂ ਵਿੱਚ ਜਾਤ, ਧਰਮ, ਭਾਈਚਾਰੇ, ਭਾਸ਼ਾ ਤੇ ਇਥੋਂ ਤੱਕ ਕਿ ਖੇਤਰ ਵੰਡ ਦੀਆਂ ਲੀਹਾਂ 'ਤੇ ਪਾੜਾ ਪਾਇਆ ਹੈ।

# ਦੋਆਬਾ ਸਕੂਲ ਦੋਹਲਰੋਂ 'ਚ ਇੰਗਲਿਸ਼ ਪਲੇਅ ਦੇ ਮੁਕਾਬਲਿਆਂ 'ਚ ਜੇਤੂ ਬੱਚਿਆਂ ਦਾ ਸਨਮਾਨ

ਮਾਹਿਲਪੁਰ (ਸ਼ਿਵ ਕੁਮਾਰ ਬਾਵਾ) ਦੋਆਬਾ ਸਕੂਲ ਦੋਹਲਰੋਂ ਮਾਹਿਲਪੁਰ ਵਿਖੇ ਅੱਜ ਇੰਗਲਿਸ਼ ਪਲੇਅ ਦੇ ਮੁਕਾਬਲੇ ਕਰਵਾਏ ਗਏ। ਇਸ ਮੌਕੇ ਤੇ ਸਕੂਲ ਦੀ ਪ੍ਰਿੰਸੀਪਲ ਸ੍ਰੀ ਮਤੀ ਸੁਰਿੰਦਰ ਕੌਰ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਹੋਇਆ ਕਿਹਾ ਕਿ ਵਿਦਿਆ ਦੇ ਨਾਲ ਨਾਲ ਬੱਚਿਅਠਾਂ ਦਾ ਬੌਧਿਕ ਤੇ ਮਾਨਸਿਕ ਵੀ ਜ਼ਰੂਰੀ ਹੈ ਕਿਉਂਕਿ ਅੱਜ ਦੇ ਬੱਚਿਆਂ ਵਿੱਚੋਂ ਹੀ ਕੱਲ੍ਹ ਦੇ ਲੇਖਕ, ਡਾਇਰੈਕਟਰ ਅਤੇ ਕਵੀ ਬਣਦੇ ਹਨ। ਅੱਜ ਦੇ ਸਕੂਲ ਵਿੱਚ ਦਸਵੀਂ ਤੋਂ ਪੰਜ਼ਵੀਂ ਤੱਕ ਦੇ ਵਿਦਿਆਰਥੀਅਠਾਂ ਵਿੱਚ ਇੰਗਲਿਸ਼ ਪਲੇਅ ਦੇ ਮੁਕਾਬਲੇ ਕਰਵਾਏ ਗਏ ਜਿਹਨਾਂ ਨੂੰ ਦੋ ਗਰੁੱਪਾਂ ਵਿੱਚ ਵੰਡਿਆ ਗਿਆ। ਪਹਿਲੇ ਗਰੁੱਪ ਵਿੱਚ ਪੰਜਵੀਂ ਤੋਂ ਸੱਤਜੀਂ ਤੇ ਦੂਸਰੇ ਗਰੁੱਪ ਵਿੱਚ ਅੱਠਵੀਂ ਤੋਂ ਦਸਵੀਂ ਤੱਕ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਤੇ ਸਟੇਜ ਸੈਕਟਰੀ ਦੀ ਭੂਮਿਕਾ ਸ੍ਰੀ ਮਤੀ ਸੰਜਨਾ ਸੈਣੀ ਵਲੋਂ ਨਿਭਾਈ ਗਈ।

# ਧਰਤ ਦੁਆਬੇ ਦੀ

## ਪੁਖਤਾ ਗਾਇਕੀ ਦਾ ਬੁਲੰਦ ਸਿਤਾਰਾ-ਗੁਰਦੀਪ ਸਿੰਘ



ਬਲਜਿੰਦਰ ਮਾਨ
98150-18947
Email : nikkiankarum-blan@rediffmail.com

ਗੀਤ ਸੰਗੀਤ ਦੀ ਦੁਨੀਆ ਵਿਚ ਕਈ ਲੋਕ ਹਨੇਰੀ ਵਾਂਗ ਆਉਂਦੇ ਹਨ ਤੇ ਵਰੋਲੇ ਵਾਂਗ ਚਲੇ ਜਾਂਦੇ ਹਨ।ਪਰ ਜਿਹੜੇ ਕਲਾਕਾਰ ਇਸਨੂੰ ਇਸ਼ਟ ਮੰਨਕੇ ਪੂਜਾ ਕਰਦੇ ਹਨ ਉਹ ਸਹਿਜੇ ਸਹਿਜੇ ਸਫਲਤਾ ਦੀ ਪੌੜੀ ਚੜ੍ਹਦੇ ਜਾਂਦੇ ਹਨ।ਅਜਿਹੇ ਕਲਾਕਾਰਾਂ ਦੀ ਗਿਣਤੀ ਉਂਗਲਾ ਤੇ ਕੀਤੀ ਜਾ ਸਕਦੀ ਹੈ। ਇਹਨਾ ਗਿਣੇ-ਚੁਣੇ ਮਾਹਿਰ ਕਲਾਕਾਰਾਂ ਵਿਚ ਨਾਂ ਹੈ ਹੁਸ਼ਿਆਰਪੁਰ ਦੇ ਗੁਰਦੀਪ ਸਿੰਘ ਦਾ। ਉਸਨੇ ਗੀਤ ਸੰਗੀਤ ਦੇ ਚਿਰਾਗ ਨੂੰ ਪੌਪ ਦੀ ਹਨੇਰੀ ਵਿਚ ਵੀ ਆਪਣੀ ਦੇਹੀ ਦਾ ਤੇਲ ਪਾਕੇ ਜਗਦਾ ਰੱਖਿਆ ਹੋਇਆ ਹੈ।ਹੁਸ਼ਿਆਰਪੁਰ ਦਾ ਸ਼ਾਮ ਚੁਰਾਸੀ ਸੰਗੀਤ ਘਰਾਣਾ ਅਤੇ ਬੈਜੁਬਾਵਰੇ ਦਾ ਬਜਵਾੜੇ ਵਿਚ ਸੰਗੀਤ ਦਾ ਛੌਟਾ ਦੇਣਾ ਹੀ ਉਸਨੂੰ ਮਧੁਰ ਧੁਨਾ ਨਾਲ ਸਰਸ਼ਾਰ ਕਰ ਗਿਆ।ਤੇ ਅਜ ਉਹ ਸੰਗੀਤ ਦੇ ਖੇਤਰ ਦਾ ਬੁਲੰਦ ਸਿਤਾਰਾ ਬਣ ਚੁੱਕਾ ਹੈ।

ਸੰਗਿਤ ਦੀਆਂ ਅਹਿਮ ਵੰਨਗੀਆਂ ਤੇ ਉਸਨੇ ਸਾਲਾਂ ਬੱਧੀ ਮਿਹਨਤ ਕੀਤੀ ਹੈ।ਇਸ ਕਰਕੇ ਉਸਨੂੰ ਮਹਾਨ ਚਿੱਤਰਕਾਰ ਪ੍ਰੋ: ਭਾਰਤੀ ਵਰਗੇ ਦੁਨੀਆ ਦੇ ਮਹਾਨ ਸੰਗੀਤਕਾਰਾਂ ਵਿਚ ਗਿਣਦੇ ਹਨ।ਗੁਰਦੀਪ ਨੇ ਇਹ ਰੁੱਤਬਾ ਰਾਤੋ- ਰਾਤ ਹਾਸਿਲ ਨਹੀਂ ਕੀਤਾ।ਉਸਨੇ ਗੀਤ ਸੰਗੀਤ ਨੂੰ ਸਮਰਪਿਤ ਹੋਕੇ ਕਾਰਜ ਕੀਤਾ ਹੈ।ਉਹ ਹਰ ਧੁਨ ਦੀ ਸਿਰਜਣਾ ਕਰਨ ਵੇਲੇ ਐਨਾ ਅੰਤਰ ਧਿਆਨ ਹੁੰਦਾ ਹੈ ਕਿ ਉਸਨੂੰ ਆਪ ਦੀ ਵੀ ਸੁੱਧ- ਬੁੱਧ ਨਹੀ ਹੁੰਦੀ।ਇਹੀ ਸਮਾਂ ਅਲਾਹੀ ਅਨੰਦ ਨੂੰ ਅਨੁਭਵ ਕਰਨ ਦਾ ਹੁੰਦਾ ਹੈ। ਜਿਹੜਾ ਸੰਗੀਤਕਾਰ ਅਜਿਹੇ ਪ੍ਰਯੋਜਨ ਵਿਚੋ ਲੰਘਦਾ ਹੈ ਉਹੀ ਅਮਰ ਕਥਾ ਦਾ ਨਾਇਕ ਬਨਣ ਦੇ ਯੋਗ ਹੁੰਦਾ ਹੈ। ਸਾਡੇ ਸੰਗੀਤਕਾਰ ਗੁਰਦੀਪ ਸਿੰਘ ਨੇ ਸਿਤਾਰ, ਗਿਟਾਰ, ਸੰਤੂਰ, ਹਵਾਇਨ ਗਿਟਾਰ ਅਤੇ ਕਈ ਹੋਰ ਸਾਜਾਂ ਤੇ ਕਮਾਲ ਦੀ ਮੁਹਾਰਤ ਹਾਸਿਲ ਕੀਤੀ ਹੋਈ ਹੈ।

ਸਾਦਾ ਰਹਿੰਦਾ ਹੋਇਆ ਪ੍ਰਭਾਵਸ਼ਾਲੀ ਗੀਤ ਸੰਗੀਤ ਦੀ ਗੱਲ ਕਰਦਾ ਹੈ ਗਜ਼ਲ, ਗੀਤ, ਕਵਾਲੀ, ਭਜਨ ਤੇ ਸ਼ਬਦ ਆਦਿ ਗਾਕੇ ਉਸਨੇ ਹਰ ਮਹਿਫਲ ਨੂੰ ਆਪਣੇ ਫਨ ਨਾਲ ਲੱਟਿਆ ਹੈ। ਕਨੇਡਾ ਵਰਗੇ ਦੇਸ਼ਾਂ ਵਿਚ ਉਸਦੇ ਪੂਰੇ ਦੇ ਪੂਰੇ ਸ਼ੋ ਫੁਲੀ ਸੋਲਡ ਹੋਏ ਹਨ।ਉਹ ਜਿਥੇ ਵੀ ਗਿਆ ਸੰਗੀਤ ਪ੍ਰੇਮੀਆਂ ਨੇ ਉਸਨੂੰ ਅੱਖਾਂ ਤੇ ਬਿਠਾਇਆ, ਹੱਥੀਂ ਛਾਵਾਂ ਕੀਤੀਆਂ। ਤੇ ਇਹ ਸਖਸ਼ ਹਰ ਕਿਸੇ ਦਾ ਮਾਣ ਸਤਿਕਾਰ ਕੀਤੇ ਬਗੈਰ ਨਹੀਂ ਰਹਿ ਸਕਦਾ।ਉਸਦਾ ਕਹਿਣਾ ਹੈ ਕਿ ਕਲਾ ਦੇ ਰਾਹੇ ਤੁਰਦਿਆਂ ਜਿਸ ਵੀ ਇਨਸਾਨ ਨੇ ਉਸਨੂੰ ਰਾਹ ਦਿਖਾਇਆ ਉਹ



ਸਦਾ ਉਸਦਾ ਰਿਣੀ ਹੈ। ਉਸਦੀ ਗਾਇਕੀ ਦੀ ਕਾਟ ਛਾਂਟ ਕਰਨ ਵਾਲਿਆਂ ਵਿਚ ਡਾ: ਸੁਰਜੀਤ ਪਾਤਰ, ਪ੍ਰੋ:ਗੁਰਭਜਨ ਗਿੱਲ, ਪ੍ਰੋ:ਦੀਦਾਰ, ਜਸਪਾਲ ਧਾਮੀ, ਅਮਰੀਕ ਡੋਗਰਾ ਆਦਿ ਦੇ ਨਾਂ ਜ਼ਿਕਰਯੋਗ ਹਨ। ਸ਼੍ਰੀ ਵਿਕਾਸ ਸੂਦ ,ਡਾ. ਕੇ.ਕੇ. ਸ਼ਰਮਾ ਅਤੇ ਗੁਰਚਰਨ ਚਮਨ ਆਦਿ ਵਰਗੇ ਉਸਦੀ ਕਲਾ ਨੂੰ ਹੋਰ ਸ਼ਿੰਗਾਰਨ ਲਈ ਸਦਾ ਤੱਤਪਰ ਰਹਿੰਦੇ ਹਨ। ਗੀਤ ਸੰਗੀਤ ਦੀ ਦੁਨੀਆ ਦੇ ਗਿਆਨੀ ਹੀ ਰਾਹ ਦਸੇਰੇ ਬਣ ਸਕਦੇ ਹਨ। ਇਸੇ ਕਰਕੇ ਗੁਰਦੀਪ ਨੇ ਸੰਗੀਤ ਦੇ ਖੇਤਰ ਵਿਚ ਹੁਨਰਮੰਦੀ ਵਾਲਾ ਆਲਮ ਸਰਜਿਆ ਹੋਇਆ ਹੈ।

ਹੁਸ਼ਿਆਰਪੁਰ ਜ਼ਿਲੇ ਦੇ ਇਤਿਹਾਸਕ ਪਿੰਡ ਬਜਵਾੜੇ ਦੇ ਸਕੂਲ ਵਿਚੋਂ ਦਸਵੀ ਕਰਕੇ ਡੀ. ਏ. ਵੀ. ਕਾਲਜ ਹੁਸ਼ਿਆਰਪੁਰ ਵਿਚ ਦਾਖਲ ਹੋਇਆ ਤਾਂ ਫੁਟਬਾਲ ਦਾ ਖਿਡਾਰੀ ਬਣ ਗਿਆ।ਅਰਜਨ ਅਵਾਰਡੀ ਸ.ਜਰਨੈਲ ਸਿੰਘ ਅਤੇ ਸ. ਗੁਰਦੇਵ ਸਿੰਘ ਗਿੱਲ ਵਰਗਿਆਂ ਨੇ ਉਸਨੂੰ ਫੁਟਬਾਲ ਦਾ ਹੀਰਾ ਐਲਾਨਿਆ। ਕਾਲਜ ਪੜ੍ਹਦਿਆਂ ਸੁਨੀਲ ਗਾਂਗੁਲੀ ਦਾ ਗਿਟਾਰ ਵਾਦਨ ਸੁਣਦਿਆਂ ਅਜਿਹਾ ਪ੍ਰਭਾਵ ਕਬੂਲਿਆਂ ਕਿ ਇਸੇ ਖੇਤਰ ਵਿਚ ਸਰਗਰਮ ਹੋ ਗਏ। ਕਾਲਜ, ਯੂਨੀਵਰਸਿਟੀ ਤੇ ਫਿਰ ਭਾਰਤ।ਬਾਅਦ ਵਿਚ ਵਿਦੇਸ਼ੀ ਧਰਤੀ ਤੇ ਆਪਣੀ ਕਲਾ ਦੇ ਐਸੇ ਜ਼ੌਹਰ ਦਿਖਾਏ ਕਿ ਮੈਡਲਾਂ ਤੇ ਸਨਮਾਨਾਂ ਨਾਲ ਘਰ ਭਰ ਗਿਆ ।ਉਸਨੇ ਪਹਿਲੀ 1980 ਵਿਚ ਦੂਰਦਰਸ਼ਨ ਤੇ ਗਾਇਆ ।ਪ੍ਰੋਗਰਾਮ ਦੇ ਨਿਰਮਾਤਾ ਨਿਰਦੇਸ਼ਕ ਨੇ ਉਸਦੀ ਕਲਾ ਦੀ ਗਹਿਰਾਈ ਦੇਖਕੇ ਟੀ.ਵੀ. ਦੇ ਪ੍ਰੋਗਰਾਮਾਂ ਲਈ ਸੰਗੀਤ ਤਿਆਰ ਕਰਨ ਦਾ ਜ਼ਿੰਮਾ ਸੌਂਪ ਦਿੱਤਾ। ਤੇ ਉਹ ਉਦੋਂ ਤੋਂ ਲੈਖੇ ਹੁਣ ਤਕ ਸੈਂਕੜੇ ਪ੍ਰੋਗਰਾਮਾਂ ਦਾ ਆਪਣੇ ਸੰਗੀਤ ਦੀ ਧੁੰਮ ਪਾ ਚੁੱਕਾ ਹੈ। ਦੂਰਦਰਸ਼ਨ ਜਲੰਧਰ ਦੇ ਬੇਹੱਦ ਮਕਬੂਲ ਹੋਏ ਪ੍ਰੋਗਰਾਮ ਉਕੱਚ ਦੀਆਂ ਮੁੰਦਰਾਂ, ਲਹਿਰਾਂ, ਪਟਾਰੀ ਗੁਲਦਸਤਾ, ਲਿਸ਼ਕਾਰਾ, ਰੌਣਕ ਮੇਲਾ, ਧਰਤੀ ਪੰਜ ਦਰਿਆਵਾਂ ਦੀ ਆਦਿ ਪ੍ਰੋਗਰਾਮਾਂ ਦਾ ਸੰਗੀਤ ਨਿਰਦੇਸ਼ਨ ਵੀ ਦਿੱਤਾ ਅਤੇ ਖੁਦ ਵੀ ਗਾਇਆ ।

ਉਸਦਾ ਗੀਤ "ਇਸ਼ਕ ਆਖਦਾ ਏ ਤੇਰਾ ਕੱਖ ਰਹਿਣ ਵੀ ਨਹੀਂ ਦੇਣਾ" ਕੁਲ ਦੁਨੀਆਂ ਵਿਚ ਮਕਭੂਲੀਅਤ ਦੀਆਂ ਸਿਖਰਾਂ ਤੱਕ ਲੈ ਗਿਆ।

## ਕਲਾ ਦਾ ਨਿਰੰਤਰ ਵਗਦਾ ਚਸ਼ਮਾ-ਪ੍ਰੋ ਭਾਰਤ ਭੂਸ਼ਣ ਭਾਰਤੀ

ਕਲਾ ਜੀਵਨ ਨੂੰ ਸ਼ਿੰਗਾਰਦੀ ਹੈ। ਕਲਾ ਹੀ ਜੀਵਨ ਨੂੰ ਉੱਚੀ ਤੇ ਸੱਚੀ ਮੰਜ਼ਿਲ ਦੇ ਰਾਹੇ ਤੋਰਦੀ ਹੈ। ਆਪਣੀ ਅੰਤਰ ਆਤਮਾ ਨਾਲ ਗੱਲਾਂ ਕਰਨ ਦਾ ਇਹ ਇਕ ਜਰੀਆ ਹੈ।ਇਸ ਰਾਹੀਂ ਹੀ ਸਾਈਂ ਬੁੱਲ੍ਹੇ ਸ਼ਾਹ, ਬਾਬਾ ਨਾਨਕ, ਬੁੱਧ ਅਤੇ ਫਰੀਦ ਨੇ ਉਸ ਸੱਚ ਦਾ ਅਹਿਸਾਸ ਕੀਤਾ ਸੀ। ਇਸਨੂੰ ਹਾਸਿਲ ਕਰਨ ਲਈ ਸਾਧਨਾ ਦੀ ਲੋੜ ਹੁੰਦੀ ਹੈ। ਇਸੇ ਸਾਧਨਾ ਵਿਚ ਪਿਛਲੇ ਚਾਲੀ ਸਾਲਾਂ ਤੋਂ ਜੁਟਿਆ ਹੋਇਆ ਹੈ ਹੁਸ਼ਿਆਰਪੁਰ ਦਾ ਇਕ ਮਹਾਨ ਚਿੱਤਰਕਾਰ ਪ੍ਰੋ.ਭਾਰਤ ਭੂਸ਼ਨ ਭਾਰਤੀ। ਉਸਦੀ ਚਿੱਤਰਕਾਰੀ ਦੀ ਚਰਚਾ ਭਾਰਤੀ ਕਲਾ ਜਗਤ ਵਿਚ ਸੁਣੀ ਜਾ ਸਕਦੀ ਹੈ।ਇਸ ਖੇਤਰ ਵਿਚ ਉਹ 1974 ਤੋਂ ਸਰਗਰਮੀ ਨਾਲ ਯੋਗਦਾਨ ਪਾ ਰਿਹਾ ਹੈ।ਅਨੇਕਾਂ ਸ਼ਗਿਰਦਾਂ ਨੇ ਉਸ ਕੋਲੋਂ ਕਲਾ ਦੀਆ ਬਰੀਕੀਆਂ ਸਿੱਖੀਆਂ ਤੇ ਆਪਣੀਆਂ ਮੰਜ਼ਿਲ੍ਹਾ ਦੇ ਰਾਹੇ ਪੈ ਗਏ।

ਪ੍ਰੋ ਭਾਰਤੀ ਦੇ ਕਲਾ ਜਗਤ ਦੇ ਦਰਸ਼ਨ ਕਹੀਏ ਤਾਂ ਇਸ ਦੁਨੀਆਂ ਨੂੰ ਭੁੱਲ ਜਾਈਦਾ ਹੈ।ਉਸਦੀ ਸੰਗਤ ਮਾਣੀਏ ਤਾਂ ਆਪਣੇ ਆਪ ਨੂੰ ਕਲਾ ਦੀਆਂ ਗਹਿਰਾਈਆਂ ਵਿਚ ਚੁੱਭੀਆਂ ਮਾਰਦੇ ਮਹਿਸੂਸ ਕਰੀਦਾ ਹੈ। ਸੁਰੀਲੀ ਅਵਾਜ਼ ਨਾਲ ਸੁਖਮ ਕਲਾ ਤੇ ਬਾਤ ਪਾਉਣੀ ਅੁਸਦਾ ਸੁਬਾਓ ਹੈ। ਕਲਾ ਨੂੰ ਕੈਨਵਸ ਤੇ ਪੇਸ਼ ਕਰਨ ਦੇ ਇਕ ਨਿਵੇਕਲੀ ਹੁਨਰ ਦਾ ਮਾਲਕ ਹੈ। ਉੱਘੇ ਗਇਕ ਤੇ ਸੰਗੀਤਕਾਰ ਗੁਰਦੀਪ ਸਿੰਘ ਰਾਹੀਂ ਮੇਲ ਹੋਇਆ ਤਾਂ ਕਲਾ ਦੀਆਂ ਬਾਤਾਂ ਤੁਰ ਪਈਆਂ। ਹੁਣ ਇੰਜ ਲਗ ਰਿਹਾ ਹੈ ਕਿ ਉਸਦੀ ਕਿਹੜੀ ਗੱਲ ਛੱਡੀ ਜਾਵੇ। ਸਾਰੇ ਵਿਚਾਰ ਕੀਮਤੀ ਤੇ ਕਲਾ ਲਈ ਉਤਸ਼ਾਹ ਵਰਧਕ ਹਨ। ਫਿਰ ਵੀ ਕਾਲਮ ਦੀ ਸੀਮਾਂ ਨੂੰ ਖਿਆਲ ਵਿਚ ਰੱਖਦਾ ਹੋਇਆ ਵੱਧ ਤੋਂ ਵੱਧ ਗੱਲਾ ਨੂੰ ਸਮੇਟਣ ਦੀ ਕੋਸ਼ਿਸ਼ ਕਰ ਰਿਹਾ ਹਾਂ।ਉਹ ਸੱਚ ਮੁੱਚ ਹੀ ਕਲਾ ਦਾ ਭਰ ਵਗਦਾ ਇਕ ਚੱਸ਼ਮਾ ਹੈ।ਜਿੱਥੋ ਹਮੇਸ਼ਾਂ ਠੰਡੀ ਹਵਾ ਰੁਮਕਦੀ ਹੈ।

ਉਸਦਾ ਕਹਿਣਾ ਹੈ ਕਿ ਸਾਰੀ ਕਾਇਨਾਤ ਹੀ ਕਲਾ ਦਾ ਇਕ ਉੱਤਮ ਨਮੁਨਾ ਹੈ। ਸਾਨੂੰ ਇਸ ਨਾਲ ਜੁੜਨ ਦੀ ਸੋਝੀ ਨਹੀਂ ਹੈ। ਜਿਹੜੇ ਫਨਕਾਰ ਇਸ ਨਾਲ ਜੁੜ ਜਾਂਦੇ ਹਨ ਫਿਰ ਉਹਨਾ ਦੀ ਕਲਾ ਦੇ ਦੁਆਰਾ ਆਪ ਮੁਹਾਰੇ ਹੀ ਖੁੱਲ੍ਹ ਜਾਂਦੇ ਹਨ। ਜਦੋਂ ਉਹ ਅਕਾਸ਼ੀ ਬਾਣੀ ਆਉਣ ਲਗਦੀ ਹੈ ਫਿਰ ਸਿਰਜਣਾ ਹੁੰਦੀ ਹੈ। ਸਿਰਜਣਾ ਵਿਚ ਹਮੇਸ਼ਾਂ ਹੀ ਨਵਾਂ ਤੇ ਨਰੋਆਂ ਹੁੰਦਾ ਹੈ। ਕਿਉਂਕਿ ਇਹ ਸਾਰਾ ਕੁਝ ਉਸਦੀ ਕਿਰਪਾ ਨਾਲ ਸੰਭਵ ਹੁੰਦਾ ਹੈ। ਮਿਹਨਤ ਤੇ ਲਗਨ ਨਾਲ ਇਸ ਵਿਚ ਨਿਖਾਰ ਲਿਆਂਦਾ ਜਾ ਸਕਦਾ ਹੈ। ਸਰਕਾਰੀ ਕਾਲਜ ਹੁਸ਼ਿਆਰਪੁਰ ਵਿਚ ਪੜ੍ਹਦਾ ਭਾਰਤੀ ਪ੍ਰੋ ਤੀਰਥ ਰਾਮ ਅਤੇ ਸੀ.ਐਲ. ਸ਼ਰਮਾ ਜੀ ਦੀ ਕਲਾ ਤੋਂ ਪ੍ਰਭਾਵਿਤ ਹੋਇਆ।ਇਸ ਪ੍ਰਭਾਵ ਨੇ ਉਸਨੂੰ ਦੱਖਣ ਭਾਰਤ ਅਤੇ ਪੱਛਮ ਦੇ ਕਲਾਕਾਰਾਂ ਦੀ ਕਲਾ ਨੂੰ ਵਿਚਾਰਨ ਦਾ ਸਬੱਬ ਬਖਸ਼ਿਆਂ। ਜਿਸ ਨਾਲ ਉਹ ਸਮਕਾਲੀਆਂ ਨਾਲੋਂ ਕਿਤੇ ਅੱਗੇ ਨਿੱਕਲ ਗਿਆ। ਕਾਲਜ ਵੱਲੋਂ ਹਮੇਸ਼ਾਂ ਉਸਨੂੰ ਮੁਕਾਬਲਿਆ ਲਈ ਭੇਜਿਆ ਜਾਂਦਾ। ਅੰਤਰ ਵਰਸਿਟੀ ਮੁਕਾਬਲਿਆਂ ਵਿਚ ਆਲ ਇੰਡੀਆ ਵਿਚੋਂ ਉਹ ਲਗਾਤਾਰ ਪੰਜ ਸਾਲ ਗੋਲਡ ਮੈਡਲ ਜਿੱਤਦਾ ਰਿਹਾ। ਫਾਈਨ ਆਰਟ ਦੀ ਮਾਸਟਰ ਡਿਗਰੀ ਕੀਤੀ ਅਤੇ ਇਸੇ ਕਾਲਜ ਵਿਚ ਅਧਿਆਪਨ ਦਾ ਕਾਰਜ ਆਰੰਭ ਕਰ ਦਿੱਤਾ। ਫਿਰ ਕਦੀ ਪਿੱਛੇ ਮੁੜਕੇ ਨਹੀ ਦੇਖਿਆ। ਇਸ ਕਾਲਜ ਦਾ ਨਾਂ ਤਾਂ ਪੂਰੀ ਦੁਨੀਆ ਵਿਚ ਜਾਣਿਆ ਜਾਂਦਾ ਹੈ।ਫਿਰ ਭਾਰਤੀ ਦੀਆਂ ਕਲਾ ਕਿਰਤਾਂ ਦੀਆਂ ਨੁਮਾਇਸ਼ਾਂ ਦੀ ਚਰਚਾ ਹੋਣ ਲੱਗੀ। ਹੁਸ਼ਿਆਰਪੁਰ ਦੇ ਕਾਲਜ ਤੋਂ ਆਰੰਭ ਕਰਕੇ ਉਹ ਚੰਡੀਗੜ੍ਹ ਰਾਹੀਂ ਦਿੱਲੀ ਤੱਕ ਵੀ ਜਾ ਪੁੱਜਾ। ਉਸਦੇ ਚਿੱਤਰ ਹਰ ਨੁਮਾਇਸ਼ ਵਿਚ ਇਨਾਮ ਜਿੱਤ ਲੈਂਦੇ।


ਪ੍ਰੋ. ਭਾਰਤੀ ਇਕੱਲਾ ਚਿੱਤਰਕਾਰ ਹੀ ਨਹੀਂ ਹੈ ਉਹ ਇਕ ਮਸ਼ਹੂਰ ਕਾਰਟੂਨਿਸਟ ਵੀ ਹੈ।ਇਸ ਵਾਸਤੇ ਉਸਨੇ ਕੌਮੀ ਪੱਧਰ ਤੇ ਹਿੰਦੁਸਤਾਨ ਟਾਈਮਜ਼ ਨਵੀਂ ਦਿੱਲੀ ਵਲੋਂ ਕਰਵਾਏ ਮੁਕਾਬਲਿਆਂ ਵਿਚ 1992, 93, 94, 95 ਦੇ ਸਾਲਾਂ ਵਿਚ ਲਗਾਤਾਰ ਇਨਾਮ ਜਿੱਤਕੇ ਹੋਸ਼ਿਆਰਪੁਰ ਦੀ ਚਰਚਾ ਪੂਰੀ ਦੁਨੀਆਂ ਵਿਚ ਕਰਵਾਈ।ਪੰਜਾਬ ਆਰਟ ਹੈਰੀਟੇਜ਼ 1997 ਇੰਡੀਅਨ ਅਕੈਡਮੀ ਆਫ ਫਾਈਨ ਆਰਟ, ਅਵਾਰਡ ਆਫ ਫੋਟੋਗ੍ਰਾਫੀ (ਕੋਡਾਕ ਚੰਡੀਗੜ੍ਹ) ਬੈਸਟ ਆਰਟਿਸਟ ਪੰਜਾਬ ਯੂਨੀਵਰਸਿਟੀ ਦੇ ਅਵਾਰਡਾਂ ਸਮੇਤ ਅਨੇਕਾਂ ਸੋਲੋ ਸ਼ੋਅ ਉਸਦੇ ਮਾਣ ਸਨਮਾਨ ਵਿਚ ਵਾਧਾ ਕਰਦੇ ਰਹੇ ਹਨ। ਰਾਜ ਅਤੇ ਕੌਮੀ ਪੱਧਰ ਦੇ ਸਨਮਾਨਾਂ ਨਾਲ ਝੋਲੀਆਂ ਭਰਨ ਵਾਲਾ ਇਹ ਚਿੱਤਰਕਾਰ ਹੁਣ ਨਵਿਆਂ ਲਈ ਪ੍ਰੇਰਨਾ ਦਾ ਸੋਮਾ ਬਣਿਆ ਹੋਇਆ ਹੈ। ਸੈਲਾਨੀ ਤਬੀਅਤ ਦਾ ਮਾਲਕ ਹੈ। ਹਰ ਪਲ ਰੰਗਾ ਦੀ ਦੁਨੀਆਂ ਵਿਚ ਮਸਤ ਰਹਿੰਦਾ ਹੈ। ਫੋਟੋਗ੍ਰਾਫੀ ਅਤੇ ਕਲਾਕਾਰੀ ਉਸਦੇ ਮੁੱਖ ਸ਼ੌਕ ਹਨ। ਸੰਗੀਤ ਨਾਲ ਡਾਢਾ ਪਿਆਰ ਹੈ।

ਪ੍ਰੋ ਭਾਰਤ ਭੂਸ਼ਨ ਭਾਰਤੀ ਨੂੰ 1994 ਵਿਚ ਪੰਜਾਬ ਦੇ ਮੁੱਖ ਮੰਤਰੀ ਸ.ਬੇਅੰਤ ਸਿੰਘ ਨੇ ਸਨਮਾਨਿਤ ਕਰਕੇ ਕਲਾ ਨੂੰ ਉਤਸ਼ਾਹਿਤ ਕੀਤਾ ਸੀ। ਉਸਦੇ ਚਿੱਤਰ ਜਿੱਥੇ ਕਲਾ ਅਕਾਡਮੀਆਂ ਦਾ ਕੌਮੀ ਪੱਧਰ ਤਕ ਸ਼ਿੰਗਾਰ ਬਣੇ ਹੋਏ ਹਨ।ਉਥੇ ਭਾਰਤ ਦੀਆਂ ਮਹਾਨ ਹਸਤੀਆਂ ਦੇ ਘਰਾਂ ਵਿਚ ਵੀ ਦੇਖੇ ਜਾ ਸਕਦੇ ਹਨ।ਇੱਥੇ ਹੀ ਬਸ ਨਹੀ ਭਾਰਤ ਤੋਂ ਬਾਹਰ ਵੀ ਬਹੁਤ ਸਾਰੀਆਂ ਕਲਾ ਕਿਰਤਾਂ ਪਹੁੰਚ ਚੁੱਕੀਆ ਹਨ। ਆਲ ਇੰਡੀਆ ਪੱਧਰ ਦੀਆਂ ਕਾਰਟੂਨ ਨੁਮਾਇਸ਼ਾਂ ਵਿਚ ਵੀ ਉਹ ਅਕਸਰ ਭਾਗ ਲੈਕੇ ਸਭ ਤੋਂ ਅੱਗੇ ਰਿਹਾ ਹੈ। ਉਸਦਾ ਕਹਿਣਾ ਹੈ ਕਿ ਅਜ ਤਕ ਉਸਨੇ ਇਹ ਕਾਰਜ ਸਨਮਾਨਾਂ ਲਈ ਨਹੀ ਸਗੋਂ ਮਾਨਸਿਕ ਤ੍ਰਿਪਤੀ ਵਾਸਤੇ ਕੀਤੇ।ਇਸ ਕਲਾ ਦਾ ਵਹਿਣ ਕਦੋਂ ਵਗਣਾ ਹੈ। ਇਸ ਬਾਰੇ ਕੁੱਝ ਨਹੀਂ ਕਿਹਾ ਜਾ ਸਕਦਾ।ਪਰ ਇੱਸਦੇ ਵੰਨ-ਸੁਵੰਨੇ ਪਹਿਲੂਆਂ ਬਾਰੇ ਜਾਨਣਾ ਅਤੇ ਬੁਰਸ਼ ਨੂੰ ਤਰੋ ਤਾਜ਼ਾ ਰੱਖਣ ਲਈ ਰੋਜ਼ਾਨਾ ਅਭਿਆਸ ਕਰਦਾ ਰਹਿੰਦਾ ਹਾਂ। ਦੋਸਤਾਂ ਨਾਲ ਕੁਦਰਤੀ ਨਜ਼ਾਰਿਆ ਨੂੰ ਚਿਤਰਨ ਦਾ ਅਨੋਖਾ ਅਨੰਦ ਮਿਲਦਾ ਹੈ।

ਜਦੋਂ ਇਸ ਕਲਾ ਵਿਚ ਖੁੱਭ ਜਾਂਦਾ ਹਾਂ ਫਿਰ ਆਲੇ ਦੁਆਲੇ ਦੀ ਸਾਰੀ ਸੁੱਧ ਬੁੱਧ ਭੁੱਲ ਜਾਂਦਾ ਹਾਂ।

ਪੋਰਟਰੇਟ, ਵਿਅੰਗ ਚਿੱਤਰ ਅਤੇ ਸੰਕੇਤਕ ਚਿੱਤਰਕਾਰੀ ਸਮੇਤ ਇਸ ਕੋਮਲ ਕਲਾ ਦੀ ਹਰ ਵੰਨਗੀ ਤੇ ਸਫ਼ਲਤਾ ਨਾਲ ਹੱਥ ਚਲਾ ਰਿਹਾ ਹੈ। ਤੁਸੀਂ ਸਾਹਮਣੇ ਬੈਠੋ ਤਾਂ ਮਿੰਟਾਂ ਵਿਚ ਤੁਹਾਡਾ ਸਕੈਚ ਤੁਹਾਡੇ ਅੱਗੇ ਰੱਖ ਦੇਵੇਗਾ। ਕੁਦਰਤ ਵੀ ਗੌਦੀ ਵਿਚ ਗਿਆ ਤਾਂ ਕੋਈ ਸੁੰਦਰ ਦ੍ਰਿਸ਼ ਦੇਖਕੇ ਚਿੱਤਰਨ ਬੈਠ ਜਾਵੇਗਾ। ਉਸਦਾ ਕਹਿਣਾ ਹੈ ਕਿ ਸਾਡੇ ਦੇਸ਼ ਵਿਚ ਅੱਜ ਵੀ ਪੱਛਮ ਦੇ ਚਿੱਤਰਕਾਰਾਂ ਦਾ ਪ੍ਰਭਾਵ ਹੈ ਜਦਕਿ ਭਾਰਤੀ ਕਲਾ ਜਗਤ ਵਿਚ ਬਹੁਤ ਕੁਝ ਸਾਂਭਿਆ ਪਿਆ।ਜਿਸਨੂੰ ਖੋਜਣ ਤੇ ਪ੍ਰਦਰਸ਼ਤ ਕਰਨ ਦੀ ਲੋੜ ਹੈ। ਇਹ ਜਿੰਮੇਵਾਰੀ ਸਾਡੇ ਵਰਗੇ ਕਲਾਕਾਰਾਂ ਦੇ ਸਿਰ ਹੈ।

ਜਿਵੇਂ ਜ਼ਿਬਰਾਨ ਨੇ ਇਕ ਥਾਂ ਕਿਹਾ ਹੈ,'ਪ੍ਰੇਰਨਾ ਹਮੇਸ਼ਾ ਗਾਉਂਦੀ ਹੈ ਕਦੀ ਵਿਆਖਿਆ ਨਹੀ ਕਰਦੀ'। ਇਸ ਲਈ ਕਲਾ ਦੇ ਖੇਤਰ ਵਿਚ ਹਰ ਸ਼ੈਲੀ ਦੀ ਆਪਣੀ ਮਹੱਤਤਾ ਹੈ। ਇਸ ਲਈ ਹਰ ਭਾਸ਼ਾ ਸਿੰਬੋਲਿਕ ਹੁੰਦੀ ਹੈ। ਸਾਰਾ ਕੁੱਝ ਸਪੱਸ਼ਟ ਕਰ ਦੇਣ ਨਾਲ ਵੀ ਕਲਾ ਦਾ ਰਸ ਨਹੀ ਰਹਿੰਦਾ।ਉਸਦੇ ਚਿੱਤਰਾਂ ਤੇ ਕ੍ਰਿਸ਼ਨਾ ਮੂਰਤੀ, ਖਲੀਲ ਜਿਬਰਾ, ਪਤਾਂਜਲੀ, ਮਾਈਕਲ ਐਂਜਲੇ, ਪਿਕਾਸ, ਅੰਮ੍ਰਿਤਾ ਸ਼ੇਰਗਿਲ ਅਤੇ ਟੈਗੋਰ ਦਾ ਪ੍ਰਭਾਵ ਦਿਖਾਈ ਦਿੰਦਾ ਹੈ। ਪ੍ਰੋ ਭਾਰਤੀ ਜਦੋਂ ਤੋਂ ਸਰਕਾਰੀ ਸੇਵਾ ਵਿਚ ਆਏ ਉਦੋਂ ਤੋਂ ਹੀ



ਅਨੇਕਾਂ ਕਲਾਕਾਰਾਂ ਨੂੰ ਪੈਦਾ ਕਰਨ ਵਿਚ ਜੁਟੇ ਹੋਏ ਨੇ। ਉਹਨਾਂ ਦੇ ਸ਼ਗਿਰਦਾਂ ਵਿਚ ਵਰਿੰਦਰ ਸੈਣੀ, ਅਸ਼ਵਨੀ ਵਰਮਾ, ਨਵੀਨ ਭੁਪਿੰਦਰ, ਸਾਧਕਾ ਚੰਡੀਗੜ੍ਹ, ਜਸਪਾਲ ਸਿੰਘ ਅਤੇ ਸਤਨਾਮ ਆਦਿ ਨਾਂ ਜ਼ਿਕਰਯੋਗ ਹਨ। ਸ਼ਾਇਰ ਸੋਹਣ ਕੋਜ਼ੀ ਦੇ ਇਸ ਭਾਈ ਨੇ ਵੀ ਉੱਘੇ ਚਿੱਤਰਕਾਰ ਸ਼ੀ ਵਰਿੰਦਰ ਕੁਮਾਰ ਤੇ ਮਾਤਾ ਸ਼ੀਲਾ ਦੇਵੀ ਦੇ ਘਰ ਨੂੰ ਭਾਗ ਲਾਏ। ਜੀਵਨ ਸਾਥਣ ਕਾਮਨੀ ਵੀ ਕਲਾ ਨੂੰ ਪਿਆਰਨ ਤੇ ਸਤਿਕਾਰਨ ਵਾਲੀ ਇਸਤਰੀ ਹੇ। ਬੇਟੇ ਮਨੀਸ਼ ਤੇ ਵਿਵੇਕ ਤਕਨੀਕੀ ਜਗਤ ਨਾਲ ਸਾਂਝ ਪਾ ਰਹੇ ਹਨ।

ਪ੍ਰੋ. ਭਾਰਤ ਭੂਸ਼ਨ ਭਾਰਤੀ ਧਰਤੀ ਚਿੱਤਰਾਂ ਦਾ ਮਾਹਿਰ ਚਿੱਤਰਕਾਰ ਕਈ ਰਿਕਾਰਡ ਆਪਣੇ ਨਾਂ ਦਰਜ ਕਰਵਾ ਚੁੱਕਾ ਹੈ। ਉੱਚੀ ਤੇ ਸੁੱਚੀ ਸੋਚ ਦੇ ਝਲਕਾਰੇ ਉਸਦੇ ਹਰ ਚਿੱਤਰ ਵਿਚੋਂ ਵੇਖੇ ਜਾ ਸਕਦੇ ਹਨ।

ਉਹ ਯਾਰਾਂ ਦਾ ਯਾਰ ਅਤੇ ਕਈਆਂ ਦਾ ਰਾਹ ਦਸੇਰਾ ਹੈ। ਪਿਆਰ ਮੁਹੱਬਤ ਦਾ ਭੰਡਾਰਾ ਅਤੇ ਕਲਾ ਦਾ ਨਿਰੰਤਰ ਵਗਦਾ ਵਹਿਣ। ਆਇਲ, ਵਾਟਰ ਕਲਰ ਅਤੇ ਹਰ ਤਰ੍ਹਾਂ ਦੀ ਜੁਗਤ ਉਸਨੇ ਪੇਂਟਿੰਗ ਜਗਤ ਵਿਚ ਵਰਤੀ ਹੈ।ਚਾਰ ਦਹਾਕੇ ਤੋਂ ਕਾਰਜ਼ਸ਼ੀਲ ਇਹ ਚਿੱਤਰਕਾਰ ਅਜ ਵੀ ਉਸੇ ਚਾਲੋ ਨਾਲ ਕਲਾ ਕਿਰਤਾਂ ਦੀ ਦੁਨੀਆਂ ਵਿਚ ਰਚਿਆ ਮਿਚਿਆ ਹੈ।

## ਬਾਲ ਲੇਖਿਕਾ ਸੁਖਚੰਚਲ ਕੌਰ ਵਲੋਂ ਨਿੱਕੀਆਂ ਕਰੂੰਬਲਾਂ ਦਾ ਬਾਲ ਲੇਖਕ ਵਿਸ਼ੇਸ਼ ਅੰਕ ਜਾਰੀ

ਮਾਹਿਲਪੁਰ- ਨਿੱਕੀਆਂ ਕਰੂੰਬਲਾਂ ਦਾ 100 ਵਾਂ ਅੰਕ ਅੱਠ ਸਾਲਾ ਬਾਲ ਲੇਖਿਕਾ ਸੁਖਚੰਚਲ ਕੌਰ ਵਲੋਂ ਕਰੂੰਬਲਾਂ ਭਵਨ ਮਾਹਿਲਪੁਰ ਵਿਚ ਜਾਰੀ ਕੀਤਾ ਗਿਆ। ਸੁਰ ਸੰਗਮ ਵਿਦਿਅਕ ਟਰੱਸਟ ਵਲੋਂ ਅਯੋਜਿਤ ਇਸ ਸਮਾਗਮ ਵਿਚ ਲੁਧਿਆਣੇ ਤੋਂ ਉਘੇ ਸਾਹਿਤਕਾਰ ਜਗਜੀਤ ਸਿੰਘ ਗੁਰਮ ਅਤੇ ਰਾਜਿੰਦਰ ਵਰਮਾ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ।

ਉਨਾਂ ਆਪਣੇ ਸੰਬੋਧਨ ਵਿਚ ਕਿਹਾ ਕਿ ਨਿੱਕੀਆਂ ਕਰੂੰਬਲਾਂ ਨੇ ਬਾਲ ਸਾਹਿਤ ਜਗਤ ਵਿਚ ਇਤਿਹਾਸਕ ਪੈੜਾਂ ਪਾ ਕੇ ਬਾਲ ਸਾਹਿਤ ਦੀ ਕਮੀ ਨੂੰ ਪੂਰਾ ਕਰਨ ਦਾ ਬੀੜਾ ਚੁਕਿਆ ਹੋਇਆ ਹੈ। ਬਾਲ ਲੇਖਕ ਵਿਸ਼ੇਸ਼ ਅੰਕ ਰਾਹੀਂ ਖਿੜ ਰਹੀਆਂ ਕਰੂੰਬਲਾਂ ਨੂੰ ਭਰਪੂਰ ਹੁਲਾਰਾ ਮਿਲਿਆ ਹੈ।

ਸਭ ਦਾ ਸੁਆਗਤ ਕਰਦਿਆਂ ਇਸ ਅੰਕ ਦੇ ਬਾਲ ਸੰਪਾਦਕ ਤਨਵੀਰ ਮਾਨ ਨੇ ਕਿਹਾ ਕਿ ਇਸ



ਅੰਕ ਰਾਹੀਂ ਬਾਲ ਲਿਖਾਰੀਆਂ ਨੂੰ ਆਪਣੇ ਮਨ ਦੀਆਂ ਬਾਤਾਂ ਪਾਉਣ ਲਈ ਇਕ ਖੁੱਲਾ ਮੰਚ ਪ੍ਰਦਾਨ ਕੀਤਾ ਗਿਆ।ਜਿਸ ਰਾਹੀਂ ਪੂਰੇ ਪੰਜਾਬ ਅਤੇ ਵਿਦੇਸ਼ਾਂ ਵਿਚ ਵਸਦੇ ਬਾਲ ਲਿਖਾਰੀਆਂ ਨੂੰ ਆਪਣੀ ਕਲਾਤਮਿਕ ਪ੍ਰਤਿਬਾ ਨੂੰ ਪੇਸ਼ ਕਰਨ ਦਾ ਮੌਕਾ ਮਿਲਿਆ ਹੈ।

ਰਸਾਲੇ ਦੇ ਸੰਪਾਦਕ ਤੇ ਸਾਹਿਤਕਾਰ ਬਲਜਿੰਦਰ ਮਾਨ ਨੇ ਕਿਹਾ ਕਿ ਇਸ ਕਾਰਜ ਨਾਲ ਨਵੀਂ ਪਨੀਰੀ ਨੂੰ ਨਰੋਈਆਂ ਕਦਰਾਂ ਕੀਮਤਾਂ ਨਾਲ ਜੋੜ ਕੇ ਚੰਗੇ ਸ਼ਹਿਰੀ ਬਨਾਉਣਾ ਹੈ।ਇਸ ਲਈ ਹਰ ਮਾਪੇ ਤੇ ਅੀਧਆਪਕ ਨੂੰ ਆਪਣੇ ਬੱਚਿਆਂ ਦੇ ਲਾਲਣ ਪਾਲਣ ਵਿਚ ਬਾਲ ਰਸਾਲੇ ਅਤੇ ਬਾਲ ਪੁਸਤਕਾਂ ਨੂੰ ਵੀ ਸ਼ਾਮਲ ਕਰਨਾ ਚਾਹੀਦਾ ਹੈ।

# ਅਣਗੌਲ਼ਿਆ ਸ਼ਹੀਦ: ਬਾਬੂ ਹਰਨਾਮ ਸਿੰਘ ਸਾਹਰੀ



ਡਾ. ਜਸਵੰਤ ਰਾਏ ਸਾਹਰੀ
ਹੁਸ਼ਿਆਰਪੁਰ
(09815825999)

1600 ਈ. ਨੂੰ ਹਿੰਦੋਸਤਾਨ ਵਿਚ ਈਸਟ ਇੰਡੀਆ ਕੰਪਨੀ ਸਥਾਪਿਤ ਕਰਕੇ ਅੰਗਰੇਜ਼ਾਂ ਨੇ ਇੱਕ ਤਰ੍ਹਾਂ ਨਾਲ ਹਿੰਦੋਸਤਾਨ ਨੂੰ ਗੁਲਾਮ ਬਣਾਉਣ ਦੀ ਨੀਂਹ ਰੱਖ ਦਿੱਤੀ ਸੀ। ਛੋਟੀਆਂ -2 ਰਿਆਸਤਾਂ ਵਿਚ ਵੰਡਿਆ ਹੋਇਆ ਸਾਡਾ ਦੇਸ਼ ਅਤੇ ਹਰ ਰਿਆਸਤ ਦੇ ਰਾਜੇ ਦਾ ਇੱਕ ਦੂਜੇ ਰਾਜੇ ਪ੍ਰਤੀ ਨਿੱਜੀ ਰੰਜਸ਼ ਦਾ ਭਰਿਆ ਪੀਤਾ ਹੋਣਾ ਅੰਗਰੇਜ਼ਾਂ ਲਈ ਬੜਾ ਲਾਹੇਵੰਦ ਸਾਬਤ ਹੋਇਆ।'ਪਾੜੋ ਅਤੇ ਰਾਜ ਕਰੋ' ਦੀ ਨੀਤੀ ਤਹਿਤ 1849 ਈ. ਵਿਚ ਪੰਜਾਬ ਨੂੰ ਸਭ ਤੋਂ ਅਖੀਰ ਤੇ ਅੰਗਰੇਜ਼ੀ ਰਾਜ ਵਿਚ ਮਿਲਾਉਣ ਉਪਰੰਤ ਅੰਗਰੇਜ਼ ਸਾਰੇ ਹਿੰਦੋਸਤਾਨ ਦੇ ਮਾਲਕ ਬਣ ਬੈਠੇ।ਫਿਰ ਹਿੰਦੋਸਤਾਨ ਦਾ ਉਹ ਹਸ਼ਰ ਹੋਣਾ ਸ਼ੁਰੂ ਹੋਇਆ ਜੋ ਗੁਲਾਮਾਂ ਦਾ ਹੁੰਦਾ ਹੈ। ਹਿੰਦੋਸਤਾਨੀਆਂ ਨੂੰ ਰੱਜ ਕੇ ਆਰਥਿਕ, ਰਾਜਨੀਤਕ, ਧਾਰਮਿਕ ਅਤੇ ਸਭਿਆਚਾਰਕ ਤੌਰ ਤੇ ਲੁੱਟਿਆ ਅਤੇ ਕੁਟਿਆ ਗਿਆ। ਇਸ ਲੁਟ ਦੇ ਖਿਲਾਫ਼ ਪਹਿਲੀ ਵਾਰ ਹਿੰਦੋਸਤਾਨੀਆਂ ਦਾ ਖ਼ੂਨ ਖੌਲਿਆ ਅਤੇ 1857 ਈ. ਦੇ ਪਹਿਲੇ ਗ਼ਦਰ ਦਾ ਜਨਮ ਹੋਇਆ।ਭਾਂਵੇ ਇਸ ਗ਼ਦਰ ਨੂੰ ਅੰਗਰੇਜ਼ਾਂ ਨੇ ਦਬਾ ਦਿੱਤਾ ਪਰ ਉਹ ਹਿੰਦੋਸਤਾਨੀਆਂ ਦੇ ਦਿਲਾਂ ਵਿਚ ਸੁਲ਼ਘ ਰਹੀ ਅਜ਼ਾਦੀ ਦੀ ਚੰਗਿਆੜੀ ਨੂੰ ਬੁਝਾ ਨਾ ਸਕੇ।ਇਹੋ ਚੰਗਿਆੜੀ ਬਾਅਦ ਵਿਚ 'ਕੂਕਾ ਲਹਿਰ' ਬਣ ਕੇ ਮਘੀ ਅਤੇ ਐਸੀ ਮਘੀ ਕਿ ਇਸ ਨੇ 1913 ਈ. ਵਿਚ 'ਗ਼ਦਰ ਪਾਰਟੀ' ਦੇ ਰੂਪ ਵਿਚ ਇੱਕ ਭਾਂਬੜ ਦਾ ਰੂਪ ਧਾਰ ਲਿਆ।ਇਸ ਭਾਂਬੜ ਦੇ ਇੱਕ ਅੰਸ਼ ਦਾ ਨਾਂ ਸੀ ਬਾਬੂ ਹਰਨਾਮ ਸਿੰਘ ਸਾਹਰੀ।

ਬਾਬੂ ਹਰਨਾਮ ਸਿੰਘ ਦਾ ਜਨਮ ਸੰਨ 1884 ਈ. ਵਿਚ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਸਾਹਰੀ ਵਿਖੇ ਪਿਤਾ ਸ. ਲਾਭ ਸਿੰਘ ਅਤੇ ਮਾਤਾ ਸ਼੍ਰੀ ਮਤੀ ਚੰਦ ਕੌਰ ਦੀ ਕੁੱਖੋਂ ਹੋਇਆ। ਪਿੰਡ ਸਾਹਰੀ ਹੁਸ਼ਿਆਰਪੁਰ ਤੋਂ ਫਗਵਾੜਾ ਜਾਣ ਵਾਲੀ ਸੜਕ ਦੇ ਲਹਿੰਦੇ ਪਾਸੇ ਹੁਸ਼ਿਆਰਪੁਰ ਤੋਂ 12 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ।ਸਾਹਰੀ ਨੂੰ ਸੰਤਾਂ ਮਹਾਂਪੁਰਖਾਂ ਦੀ ਨਗਰੀ ਵੀ ਕਿਹਾ ਜਾਂਦਾ ਹੈ। ਇੱਥੇ ਹਰ ਕਮਿਊਨਿਟੀ ਦਾ ਆਦਮੀ ਪਿਆਰ ਮੁਹੱਬਤ ਨਾਲ ਵਸਦਾ ਸੀ।ਪਿੰਡ ਦੇ ਇਸ ਅਪਣੱਤ ਭਰੇ ਵਾਤਾਵਰਨ ਨੇ ਬਾਬੂ ਹਰਨਾਮ ਸਿੰਘ ਦੀ ਸਵੱਸ਼ ਸ਼ਖ਼ਸੀਅਤ ਦੇ ਨਿਰਮਾਣ ਵਿਚ ਉਸਾਰੂ ਰੋਲ਼ ਅਦਾ ਕੀਤਾ। ਪਿੰਡ ਵਿਚ ਇਹਨਾਂ ਦਾ ਪਰਿਵਾਰ ਸਾਊ ਪਰਿਵਾਰ ਅਖਵਾਉਂਦਾ ਸੀ। ਹਲੀਮੀ, ਨਿਮਰਤਾ ਅਤੇ ਦੂਜਿਆਂ ਦੇ ਹਿੱਤਾਂ ਲਈ ਸਾਜ਼ਗਾਰ ਰਹਿਣਾ ਇਹਨਾਂ ਦੇ ਸੁਬਾਉ ਵਿਚ ਸ਼ਾਮਿਲ ਸੀ। ਬਾਬੂ ਜੀ ਦੇ ਵੱਡੇ ਭਰਾ ਦਾ ਨਾਂ ਬਸੰਤ ਸਿੰਘ ਅਤੇ ਛੋਟੇ ਭਰਾ ਦਾ ਨਾਂ ਭਗਵਾਨ ਸਿੰਘ ਸੀ।ਤਿੰਨਾ ਭਰਾਵਾਂ ਤੋਂ ਛੋਟੀ ਇੱਕ ਭੈਣ ਸੀ ਜਿਸਦਾ ਨਾਂ ਹਰਨਾਮ ਕੌਰ ਸੀ। ਮੁਢਲੀ ਵਿਦਿਆ ਬਾਬੂ ਜੀ ਨੇ ਆਪਣੇ ਨਗਰ ਤੋਂ ਹੀ ਪ੍ਰਾਪਤ ਕੀਤੀ ਅਤੇ ਆਪਣੇ ਘਰਦਿਆਂ ਦੇ ਨਾਲ ਖੇਤੀ ਬਾੜੀ ਦੇ ਕੰਮਾਂ ਵਿਚ ਹੱਥ ਵਟਾਉਣਾ ਸ਼ੁਰੂ ਕੀਤਾ। ਆਪ ਦੀ ਸ਼ਾਦੀ ਜਲੰਧਰ ਜ਼ਿਲ੍ਹੇ ਦੇ ਪਿੰਡ ਕੋਟਲੀ ਦੀ ਰਾਅ ਕੌਰ ਨਾਲ ਹੋਈ।ਪਰਿਵਾਰ ਦੀ ਆਰਥਿਕਤਾ ਨੂੰ ਖੁਸ਼ਹਾਲ ਕਰਨ ਦੇ ਮਕਸਦ ਨਾਲ ਆਪ 18 ਸਾਲ ਦੀ ਉਮਰ ਵਿਚ ਰਸਾਲੇ ਵਿਚ ਭਰਤੀ ਹੋ ਗਏ। ਪਰ ਅਜ਼ਾਦ ਤਬੀਅਤ ਦੇ ਮਾਲਕ ਹੋਣ ਕਰਕੇ ਇੱਥੇ ਜਿਆਦਾ ਦੇਰ ਟਿਕ ਨਾ ਸਕੇ ਅਤੇ ਛੇਤੀ ਹੀ ਅਸਤੀਫ਼ਾ ਦੇ ਕੇ ਘਰ ਵਾਪਸ ਆ ਗਏ।

ਘਰ ਆ ਕੇ ਵੀ ਬਾਬੂ ਜੀ ਦਾ ਮਨ ਨਾ ਲੱਗਾ। 1904 ਦੇ ਅਖੀਰ ਤੇ ਆਪ ਹਾਂਗਕਾਂਗ ਚਲੇ ਗਏ ਅਤੇ ਇੱਥੇ ਤਿੰਨ ਸਾਲ ਇਲੈਕਟ੍ਰਿਕ ਟ੍ਰਾਮ ਕੰਪਨੀ ਵਿਚ ਸਟੋਰਕੀਪਰੀ ਦੀ ਨੌਕਰੀ ਕੀਤੀ।ਇੱਥੇ ਰਹਿੰਦਿਆਂ ਆਪ ਦਾ ਮੇਲ ਅਮਰੀਕਾ ਕੈਨੇਡਾ ਤੋਂ ਆਉਣ ਵਾਲੇ ਯਾਤਰੀਆਂ ਨਾਲ ਹੁੰਦਾ ਰਹਿੰਦਾ ਸੀ। ਇਹਨਾਂ ਤੋਂ ਹੀ ਆਪ ਨੂੰ ਪਤਾ ਲੱਗਾ ਕਿ ਕੈਨੇਡਾ ਅਮਰੀਕਾ ਵਿਚ ਕਮਾਈ ਕਾਫ਼ੀ ਹੈ ਅਤੇ ਕੀਤੀ ਹੋਈ ਮਿਹਨਤ ਦਾ ਸਹੀ ਮੁੱਲ ਪੈਂਦਾ ਹੈ। ਆਪ ਨੇ ਪੈਸੇ ਦਾ ਬੰਦੋਬਸਤ ਕੀਤਾ ਅਤੇ 31 ਅਗਸਤ 1907 ਨੂੰ ਵਿਕਟੋਰੀਆ ਪਹੁੰਚ ਗਏ। ਇੱਥੇ ਆ ਕੇ ਆਪ ਨੇ ਪਹਿਲਾਂ ਰੋਜ਼ੀ ਦਾ ਪ੍ਰਬੰਧ ਕੀਤਾ ਅਤੇ ਫੇਰ ਲਿੰਕਨ ਹਾਈ ਸਕੂਲ ਤੇ ਯੂਨੀਵਰਸਿਟੀ ਕਾਲਜ ਸਿਆਟਲ 'ਚ ਪੜ੍ਹਾਈ ਕੀਤੀ।

ਪੜ੍ਹਾਈ ਕਰਦਿਆਂ ਆਪ ਦਾ ਮੇਲ ਜੀ. ਡੀ. ਕੁਮਾਰ ਜਿਹੇ ਸਿਰਕੱਢ ਦੇਸ਼ ਭਗਤ ਨਾਲ ਹੋਇਆ।ਇਸ ਸਮੇਂ ਤੱਕ ਆਲੇ ਦੁਆਲੇ ਦੇ ਮਾਹੌਲ ਦਾ ਚਿੰਤਨ ਕਰਕੇ ਆਪ ਦੇ ਮਨ ਵਿਚ ਅੰਗਰੇਜ਼ੀ ਸਰਕਾਰ ਖਿਲਾਫ਼ ਵਿਰੋਧ ਦੀ ਭਾਵਨਾ ਪਨਪ ਚੁੱਕੀ ਸੀ। ਅਸਲ ਗੁਲਾਮੀ ਦਾ ਅਹਿਸਾਸ ਉਹਨਾਂ ਨੂੰ ਇੱਧਰ ਆ ਕੇ ਹੀ ਹੋਇਆ। ਪੈਰ ਪੈਰ ਤੇ ਹੁੰਦੇ ਵਿਤਕਰੇ ਨੇ ਆਪ ਦਾ ਹਿਰਦਾ ਪੱਛ ਸੁਟਿਆ।ਇੱਥੋਂ ਹੀ ਆਪ ਨੇ ਆਪਣੇ ਪਿਤਾ ਜੀ ਨੂੰ ਇੱਕ ਪੱਤਰ ਲਿਖਿਆ ਕਿ ਪਿਤਾ ਜੀ ਤੁਸੀਂ ਮੇਰੇ ਕੋਲੋਂ ਹੁਣ ਆਪਣੇ ਕੰਮਾਂ ਅਤੇ ਆਰਥਿਕ ਮੱਦਦ ਦੀ ਆਸ ਨਾ ਰੱਖਿਓ। ਮੈਂ ਆਪਣੀ ਜ਼ਿੰਦ ਦੇਸ਼ ਦੇ ਨਾਂ ਲਿਖ ਦਿੱਤੀ ਹੈ।ਜਦ ਤੱਕ ਮੇਰੇ ਅੰਦਰ ਸਾਹਾਂ ਦੀ ਗਤੀ ਚਲਦੀ ਰਹੇਗੀ ਮੈਂ ਅੰਗਰੇਜ਼ੀ ਹਕੂਮਤ ਖਿਲਾਫ਼ ਲੜਦੇ ਹੋਏ ਅਜ਼ਾਦੀ ਪ੍ਰਾਪਤੀ ਲਈ ਤੱਤਪਰ ਰਹਾਂਗਾ।ਇਸਤੋਂ ਬਾਅਦ ਉਹਨਾਂ ਆਪਣੇ ਪਰਿਵਾਰ ਨਾਲ ਕੋਈ ਵਾਸਤਾ ਨਹੀਂ ਰੱਖਿਆ।




ਜੀ.ਡੀ. ਕੁਮਾਰ ਨਾਲ ਮਿਲ ਕੇ ਬਾਬੂ ਹਰਨਾਮ ਸਿੰਘ ਨੇ ਜਨਵਰੀ 1910 ਈ. ਨੂੰ ਆਪਣੀ ਰਿਹਾਇਸ਼ 1632-ਦੂਜਾ, ਐਵੇਨਿਊ ਵੈਸਟ ਫੇਅਰਵਿਊ ਵੈਨਕੂਵਰ ਤੋਂ 'ਸੁਦੇਸ਼ ਸੇਵਕ' ਨਾਂ ਦਾ ਪਰਚਾ ਸ਼ੁਰੂ ਕੀਤਾ।ਵਿਦੇਸ਼ੀ ਧਰਤੀ ਉਪਰ ਛਪਣ ਵਾਲਾ ਇਹ ਪਹਿਲਾ ਪੰਜਾਬੀ ਪਰਚਾ ਸੀ। ਬਾਬੂ ਜੀ ਇਸ ਪਰਚੇ ਦੇ ਸੰਪਾਦਕ ਵੀ ਸਨ ਤੇ ਸਰਪ੍ਰਸਤ ਵੀ। ਇਸ ਪਰਚੇ ਦੇ ਅੱਠ ਸਫੇ, ਕੀਮਤ ਦਸ ਸੈਂਟ ਤੇ ਸਾਲ ਦਾ ਚੰਦਾ ਇੱਕ ਡਾਲਰ ਸੀ।ਇਸਦੇ ਪਹਿਲੇ ਸਫੇ ਤੇ ਇੱਕ ਉਰਦੂ-ਨੁਮਾ ਸ਼ੇਅਰ ਗੁਰਮੁਖੀ ਲਿੱਪੀ ਵਿਚ ਅੰਕਿਤ ਹੁੰਦਾ ਸੀ:

ਮਰਨਾ ਭਲਾ ਉਸਕਾ ਜੋ ਅਪਨੇ ਲੀਏ ਜੀਏ।
ਜੀ ਤਾ ਹੈ ਵੋਹ ਜੋ ਮਰ ਚੁਕਾ ਹੈ ਇਨਸਾਨ ਕੇ ਲੀਏ।

ਪਹਿਲੇ ਸਫੇ ਉੱਤੇ ਹੀ ਇਸਤੋਂ ਬਾਅਦ ਲਿਖਿਆ ਹੁੰਦਾ ਸੀ, 'ਇਸ ਦੇਸ਼ ਸੇਵਕ ਪਰਚੇ ਕੀ ਮਾਰਫ਼ਤ ਅਸੀਂ ਆਪਣੇ ਦੇਸ਼ ਭਾਇਓਂ ਕੀ ਸੇਵਾ ਕਰਨੀ ਚਾਹਤੇ ਹੈਂ।' ਉਸ ਤੋਂ ਹੇਠਾਂ 'ੴ ਸਤਿਗੁਰ ਸਹਾਇ'।ਫੇਰ ਮੋਟੇ ਅੱਖਰਾਂ ਵਿਚ ਪਰਚੇ ਦਾ ਨਾਂ: ਸੁਦੇਸ਼ ਸੇਵਕ ਤੇ ਹੇਠਾਂ ਅੰਕ ਦਾ ਨੰਬਰ ਤੇ ਤਾਰੀਖ। ਇਸ ਦਾ ਇੱਕ ਭਾਗ ਅੰਗਰੇਜ਼ੀ ਵਿਚ ਵੀ ਛਪਦਾ ਸੀ। ਪਰਚੇ ਵਿਚ ਬਾਬੂ ਹਰਨਾਮ ਸਿੰਘ ਬੇਝਿਜਕ ਹੋ ਕੇ ਲਿਖਦੇ ਸਨ ਕਿ ਸਾਨੂੰ ਭਾਰਤੀਆਂ ਨੂੰ ਇੱਥੇ ਖੁੱਲ੍ਹੇ ਤੌਰ ਤੇ ਆਉਣ ਦੀ ਆਗਿਆ ਨਹੀਂ ਹੈ। ਜਪਾਨੀਆਂ ਚੀਨੀਆਂ ਲਈ ਹੋਰ ਕਾਨੂੰਨ ਹਨ ਅਤੇ ਸਾਡੇ ਲਈ ਹੋਰ। ਅਸੀਂ ਹਿੰਦੋਸਤਾਨ ਤੋਂ ਕੈਨੇਡਾ ਸਿੱਧੇ ਨਹੀਂ ਆ ਸਕਦੇ। ਇਸ ਕਰਕੇ ਬਾਇਆ ਹਾਂਗਕਾਂਗ ਆਉਣ ਨਾਲ ਸਾਡਾ ਬਹੁਤ ਸਾਰਾ ਧਨਅਤੇ ਸਮਾਂ ਖਰਾਬ ਹੁੰਦਾ ਹੈ। ਲੋਕਾਂ ਦੇ ਦੁੱਖਾਂ ਦਰਦਾਂ ਨੂੰ ਉਹਨਾਂ ਨੇ ਆਪਣੇ ਪਰਚੇ ਦਾ ਅੰਗ ਬਣਾਇਆ। ਇਹ ਗੱਲ ਉਹਨਾਂ ਸ਼ਿੱਦਤ ਨਾਲ ਮਹਿਸੂਸ ਕਰ ਲਈ ਸੀ ਕਿ ਆਪਣੀ ਗੱਲ ਕਹਿਣ ਅਤੇ ਆਪਣੇ ਦੇਸ਼ ਵਾਸੀਆਂ ਨਾਲ ਰਾਬਤਾ ਕਾਇਮ ਕਰਨ ਲਈ ਮੀਡੀਆ ਕਿੰਨਾ ਜਰੂਰੀ ਹੈ। ਬਾਬੂ ਜੀ ਆਪਣੀ ਰਿਹਾਇਸ਼ ਤੇ ਲੋਕਾਂ ਦੀਆਂ ਪੜ੍ਹਾਉਣ ਲਈ ਕਲਾਸਾਂ ਲਗਾਉਂਦੇ ਸਨ। ਕਾਰਖਾਨਿਆਂ ਅਤੇ ਹੋਰ ਜਿਨ੍ਹਾਂ ਥਾਵਾਂ ਤੇ ਮਜ਼ਦੂਰ ਅਸਾਨੀ ਨਾਲ ਇਕੱਠੇ ਹੋ ਜਾਂਦੇ ਸਨ, ਆਪ ਉੱਥੇ ਜਾ ਕੇ ਉਹਨਾਂ ਨੂੰ ਲੈਕਚਰ ਦਿੰਦੇ ਸਨ ਅਤੇ ਹੱਕਾਂ ਪ੍ਰਤੀ ਜਾਗ੍ਰਿਤ ਕਰਦੇ ਸਨ। ਵੱਡੇ ਵੱਡੇ ਇਕੱਠਾਂ ਵਿਚ ਆਪ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ, ਸਾਫ ਸੁਥਰੇ ਰਹਿਣ ਅਤੇ ਇੱਕਜੁਟ ਹੋਣ ਦੀ ਪ੍ਰੇਰਨਾ ਦਿੰਦੇ ਰਹਿੰਦੇ ਸਨ। 'ਸੁਦੇਸ਼ ਸੇਵਕ' ਅਖ਼ਬਾਰ ਵਿਚ ਭਾਈ ਬਿਸ਼ਨ ਸਿੰਘ ਦੀ ਕੋਰੜਾ ਛੰਦ ਵਿਚ ਛਪੀ ਇੱਕ ਕਵਿਤਾ ਦੀਆਂ ਕੁੱਝ ਸਤਰਾਂ ਦੇਖੋ ਜੋ ਪੜ੍ਹਾਈ ਦੀ ਮਹੱਤਤਾ ਨੂੰ ਦਰਸਾਉਂਦੀਆ ਹਨ:

ਸੁਣੋ ਪਿਆਰੇ ਭਾਈ ਕੋਰੜਾ ਮੈਂ ਗਾਂਵਦਾ,
ਵਿਦਿਆ ਦਾ ਹਾਲ ਯਾਰੋ ਹਾਂ ਸੁਣਾਵਦਾ।
ਆਖ ਕੇ ਸੁਣਾਵਾ ਇੱਕ ਗੱਲ ਸੱਜਣੋ,
ਰੱਖਣਾ ਧਿਆਨ ਇਹਦੀ ਵੱਲ ਸੱਜਣੋ।
ਆਖਦਾ ਹੈ ਦਾਸ ਜੋ ਮੁੱਖੋਂ ਪੁਕਾਰ ਕੇ,
ਸਿੱਖ ਲਵੋ ਵਿਦਿਆ ਦਲੀਲ ਧਾਰ ਕੇ।
ਗਿਣਤੀ ਵਿਚ ਇੰਡੀਆ ਬੜਾ ਕਹਾ ਗਿਆ,
ਵਿਦਿਆ ਦੇ ਵਿਚ ਯਾਰੋ ਹਾਰ ਖਾ ਗਿਆ।
ਜਰਮਨ ਫਰਾਂਸ,,,,,

ਉਸ ਸਮੇਂ ਵੈਨਕੂਵਰ ਦਾ ਗੁਰਦਵਾਰਾ ਦੇਸ਼ ਭਗਤਾਂ ਦੀਆਂ ਗਤੀ ਵਿਧੀਆਂ ਦਾ ਮੁਖ ਕੇਂਦਰ ਸੀ। ਉੱਥੇ ਵੀ ਕੁਝ ਕੱਟੜਪੰਥੀ ਲੋਕ ਅਜ਼ਾਦੀ ਨਾਲੋਂ ਧਰਮ ਨੂੰ ਵੱਧ ਤਰਜੀਹ ਦੇਣਾ ਚਾਹੁੰਦੇ ਸਨ। ਪਰ ਬਾਬੂ ਹਰਨਾਮ ਸਿੰਘ ਤੇ ਸਾਥੀਆਂ ਦੀ ਧਰਮ ਨਿਰਪੱਖ ਸੋਚ ਨੇ ਬਾਕੀ ਮੈਂਬਰਾਂ ਲਈ ਵੀ ਪ੍ਰੇਰਨਾ ਦਾ ਕੰਮ ਕੀਤਾ।ਬਾਬੂ ਜੀ ਦੇ ਸਾਥੀ ਭਾਈ ਭਾਗ ਸਿੰਘ ਨੇ ਆਪ 28 ਜੂਨ 1908 ਨੂੰ ਗੁਰਦਵਾਰੇ ਵਿਚ ਅੰਮ੍ਰਿਤ ਛਕਿਆ ਸੀ। ਪਰ ਉਹ ਕੱਟੜ ਬਿਲਕੁਲ ਨਹੀਂ ਸੀ। ਉਸ ਨੇ ਤਾਂ ਸਿੱਖਾਂ ਨੂੰ ਖੁਦ ਕਿਹਾ ਸੀ ਕਿ ਹਾਲ ਦੀ ਘੜੀ ਕੇਸਾਂ ਦਾ ਮਸਲਾ ਪਾਸੇ ਰੱਖ ਲੈਣਾ ਚਾਹੀਦਾ ਹੈ ਤੇ ਸਭ ਤੋਂ ਪਹਿਲਾਂ ਕੈਨੇਡਾ ਵਿਚਲੇ ਨਸਲਵਾਦ ਅਤੇ ਹਿੰਦੋਸਤਾਨ ਦੀ ਅਜ਼ਾਦੀ ਦੇ ਮਸਲੇ ਲਈ ਮੈਦਾਨ ਵਿਚ ਆਉਣਾ ਚਾਹੀਦਾ ਹੈ।ਇਹੀ ਕਾਰਨ ਸੀ ਕਿ ਗ਼ਦਰ ਲਹਿਰ ਵਿਚ ਕੇਸਧਾਰੀ ਤੇ ਮੋਨੇ ਸਿੱਖਾਂ ਨੇ ਰਲ਼ ਕੇ ਕੰਮ ਕੀਤਾ ਸੀ।ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ ਖੁਰਦਪੁਰ ਅਤੇ ਮੇਵਾ ਸਿੰਘ ਵਰਗੇ ਅੰਮ੍ਰਿਤਧਾਰੀ ਸਿੱਖਾਂ ਦੀ ਬਾਬੂ ਹਰਨਾਮ ਸਿੰਘ ਨਾਲ ਗੂੜ੍ਹੀ ਯਾਰੀ ਸੀ।

1913 ਈ. ਵਿਚ ਬਾਬੂ ਹਰਨਾਮ ਸਿੰਘ ਕੈਨੇਡਾ ਆਉਣ ਵਿਚ ਕਾਮਯਾਬ ਹੋ ਗਏ ਅਤੇ ਵਿਕਟੋਰੀਆ ਆ ਕੇ ਰਹਿਣ ਲੱਗੇ। ਬਾਬੂ ਜੀ ਬਹੁਤ ਪੜ੍ਹੇ ਲਿਖੇ ਸਨ। ਉਨਾਂ ਨੂੰ ਪੰਜਾਬੀ, ਹਿੰਦੀ, ਉਰਦੂ, ਅੰਗਰੇਜ਼ੀ, ਚੀਨੀ, ਜਪਾਨੀ ਭਾਸ਼ਾਵਾਂ ਦਾ ਖਾਸਾ ਗਿਆਨ ਸੀ। ਅੰਗਰੇਜ਼ੀ ਤਾਂ ਉਹ ਪਾਣੀ ਵਾਂਗ ਬੋਲ ਲੈਂਦੇ ਸਨ। ਜਿਆਦਾ ਪੜ੍ਹੇ ਲਿਖੇ ਹੋਣ ਕਰਕੇ ਹੀ ਇਹਨਾਂ ਦੇ ਨਾਂ ਨਾਲ ਬਾਬੂ ਸ਼ਬਦ ਜੁੜ ਗਿਆ।ਆਪ ਬੋਲਦੇ ਬਹੁਤ ਘੱਟ ਸਨ। ਚੁੱਪ ਰਹਿੰਦੇ ਸਨ। ਪਰ ਮਨ ਵਿਚ ਵਿਚਾਰਾਂ ਦੀ ਲੜੀ ਹਮੇਸ਼ਾਂ ਚਲਦੀ ਰਹਿੰਦੀ ਸੀ। ਨਵੰਬਰ 1913 ਨੂੰ ਜਦ ਗ਼ਦਰ ਪਾਰਟੀ ਹੋਂਦ ਵਿਚ ਆਈ ਤਾਂ ਆਪ ਇਸਦੇ ਸਰਗਰਮ ਮੈਂਬਰ ਬਣ ਗਏ। 'ਗ਼ਦਰ' ਅਖ਼ਬਾਰ ਵਿਚ ਵੀ ਆਪ ਦੀਆਂ ਲਿਖਤਾਂ ਛਪਦੀਆਂ ਰਹਿੰਦੀਆ ਸਨ।ਅਖ਼ਬਾਰ ਵਿਚ ਆਪ ਅੰਗਰੇਜ਼ੀ ਪ੍ਰਸ਼ਾਸਨ ਦੀਆਂ ਵਧੀਕੀਆਂ ਨੂੰ ਕਾਰਟੂਨ ਬਣਾ ਕੇ ਉਜਾਗਰ ਕਰਦੇ ਸਨ।

ਕਾਮਾਗਾਟਾਮਾਰੂ ਦੀ ਘਟਨਾ ਹਿੰਦੋਸਤਾਨ ਦੇ ਅਜ਼ਾਦੀ ਇਤਿਹਾਸ ਵਿਚ ਅਹਿਮ ਸਥਾਨ ਰੱਖਦੀ ਹੈ। ਇੱਕ ਪੰਜਾਬੀ ਵਿਉਪਾਰੀ ਨੇ ਜਪਾਨੀ ਕੰਪਨੀ ਤੋਂ ਕਿਰਾਏ ਤੇ ਇੱਕ ਜਹਾਜ਼ ਲਿਆ ਜਿਸਦਾ ਨਾਂ ਕਾਮਾਗਾਟਾਮਾਰੂ ਸੀ। ਇਹ ਜਹਾਜ਼ 376 ਮੁਸਾਫਿਰਾ ਨੂੰ ਲੈ ਕੇ ਕੈਨੇਡਾ ਰਵਾਨਾ ਹੋਇਆ। ਕੈਨੇਡਾ ਦੀ ਸਰਕਾਰ ਨੇ ਕਈ ਤਰ੍ਹਾਂ ਦੀਆਂ ਕਮੀਆਂ ਪੇਸ਼ੀਆਂ ਜ਼ਾਹਰ ਕਰਕੇ ਇਹਨਾਂ ਮੁਸਾਫਿਰਾਂ ਨੂੰ ਕੈਨੇਡਾ ਦੀ ਧਰਤੀ ਤੇ ਉਤਰਨ ਤੋਂ ਇਨਕਾਰ ਕਰ ਦਿੱਤਾ। ਇਹ ਸਰਾਸਰ ਵਧੀਕੀ ਵਾਲੀ ਖਬਰ ਹਿੰਦੋਸਤਾਨ ਅਤੇ ਕੈਨੇਡਾ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ। ਇਹਨਾਂ ਮੁਸਾਫਿਰਾਂ ਦੀ ਮੱਦਦ ਲਈ ਕੈਨੇਡਾ ਵਿਚ ਇੱਕ ਪੰਦਰਾਂ ਮੈਂਬਰੀ 'ਸ਼ੋਅਰ' ਕਮੇਟੀ ਬਣੀ।ਬਾਬੂ ਹਰਨਾਮ ਸਿੰਘ ਵੀ ਇਸ ਕਮੇਟੀ ਦੇ ਮੈਂਬਰ ਸਨ।ਇਹਨਾਂ ਦੇ ਜ਼ਿੰਮੇ ਮੁਸਾਫਿਰਾਂ ਨੂੰ ਖਾਣਾ, ਗ਼ਦਰੀ ਸਾਹਿਤ ਅਤੇ ਹਥਿਆਰ ਪਹੁੰਚਾਉਣਾ ਸੀ। ਬਾਬੂ ਹਰਨਾਮ ਸਿੰਘ 16 ਜੁਲਾਈ 1914 ਨੂੰ ਆਪਣੇ ਸਾਥੀਆਂ ਨਾਲ ਸਰਹੱਦ ਪਾਰ ਕਰਕੇ ਅਮਰੀਕਾ ਦੇ ਸ਼ਹਿਰ ਸੁਮਾਸ ਚਲੇ ਗਏ। ਪਰ ਬਦਕਿਸਮਤੀ ਨਾਲ ਉਹ ਇੱਥੇ ਆਪਣੇ ਸਾਥੀਆਂ ਭਾਈ ਭਾਗ ਸਿੰਘ, ਬਰਕਤਉਲਾ ਅਤੇ ਭਾਈ ਬਲਵੰਤ ਸਿੰਘ ਨਾਲ ਹਥਿਆਰਾਂ ਸਮੇਤ ਗ੍ਰਿਫਤਾਰ ਕਰ ਲਏ ਗਏ। ਬਾਕੀ ਸਾਥੀਆਂ ਨੂੰ ਤਾਂ ਰਿਹਾਅ ਕਰ ਦਿੱਤਾ ਗਿਆ ਪਰ ਬਾਬੂ ਜੀ ਤੇ ਹੋਰ ਕਈ ਕਾਨੂੰਨੀ ਧਾਰਾਵਾਂ ਲਾ ਕੇ ਜ਼ੇਲ੍ਹ ਭੇਜ ਦਿੱਤਾ ਗਿਆ। ਜੇਲ੍ਹ ਬੰਦ ਦੌਰਾਨ ਸਤੰਬਰ ਦੇ ਦੂਜੇ ਹਫਤੇ ਬਾਬੂ ਜੀ ਦੀ ਅਮਰੀਕਾ ਵਿਚਲੀ ਰਿਹਾਇਸ਼ ਤੇ ਪੁਲਿਸ ਨੇ ਛਾਪਾ ਮਾਰਿਆ। ਉੱਥੋਂ ਮਿਲੀਆਂ ਚਿੱਠੀਆਂ ਤੋਂ ਪਤਾ ਲਗਦਾ ਸੀ ਕਿ ਆਪ ਬੰਬ ਬਣਾਉਣ ਦੀ ਵੀ ਮੁਹਾਰਤ ਰੱਖਦੇ ਸਨ। ਬਾਬੂ ਜੀ ਤੇ ਹੋਰ ਸੰਗੀਨ ਜੁਰਮ ਲਾ ਕੇ 26 ਸਤੰਬਰ 1914 ਨੂੰ ਅਮਰੀਕਾ ਤੋਂ ਡੀਪੋਰਟ ਕਰ ਦਿੱਤਾ ਗਿਆ। ਡੀਪੋਰਟ ਕੀਤੇ ਜਾਣ ਤੋਂ ਬਾਅਦ ਆਪ ਦਾ ਜਹਾਜ਼ ਜਪਾਨ ਦੀ ਬੰਦਰਗਾਹ ਯੋਕੋਹਾਮਾ ਪੁੱਜਾ। ਆਪ ਯੋਕੋਹਾਮਾ ਦੀ ਬੰਦਰਗਾਹ ਤੋਂ ਖਿਸਕ ਗਏ। 14 ਅਕਤੂਬਰ 1914 ਤੋਂ 2 ਜਨਵਰੀ 1915 ਤੱਕ ਯੋਕੋਹਾਮਾ ਵਿਚ ਹੀ ਰਹੇ।ਇੱਥੇ ਪ੍ਰਸਿੱਧ ਗ਼ਦਰੀ ਯੋਧੇ ਸੋਹਨ ਲਾਲ ਪਾਠਕ ਨੂੰ ਮਿਲੇ ਅਤੇ ਉਸਨੂੰ ਮੁੜ ਬੈਂਕਾਕ ਵਿਚ ਮਿਲਣ ਦਾ ਵਾਅਦਾ ਲਿਆ। ਜਪਾਨ ਵਿਚ ਹੀ ਬਾਬੂ ਜੀ ਨੇ ਜਪਾਨ ਦੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕੀਤੀ ਅਤੇ ਉਸ ਕੋਲੋਂ ਅੰਗਰੇਜ਼ਾਂ ਦੇ ਖਿਲਾਫ਼ ਮੱਦਦ ਮੰਗੀ।ਇੱਥੇ ਉਹਨਾਂ ਬਹੁਤ ਸਾਰੇ ਗ਼ਦਰੀਆਂ ਨਾਲ ਮੇਲ ਮਿਲਾਪ ਕੀਤਾ। ਗ਼ਦਰ ਪਾਰਟੀ ਦੀ ਸਿਆਮ-ਬਰਮਾ ਪਲੈਨ ਦੀ ਜਿੰਮੇਵਾਰੀ ਬਾਬੂ ਹਰਨਾਮ ਸਿੰਘ, ਸੋਹਨ ਲਾਲ ਪਾਠਕ ਅਤੇ ਸੰਤੋਖ ਸਿੰਘ ਧਰਦਿਓ ਵਰਗੇ ਗ਼ਦਰੀ ਯੋਧਿਆ ਦੇ ਹੱਥ ਵਿਚ ਸੀ। ਬਾਬੂ ਜੀ ਅਤੇ ਪੰਡਤ ਸੋਹਨ ਲਾਲ ਦੀ ਸਿਦਕ ਦਿਲੀ ਦੇਖੋ, ਇਹਨਾਂ ਬਰਮਾ ਜਾ ਕੇ ਗ਼ਦਰ ਕਰਨ ਤੋਂ ਪਹਿਲਾਂ ਉੱਥੇ ਬਹਾਦਰ ਸ਼ਾਹ ਜਫਰ ਦੀ ਕਬਰ ਲੱਭੀ ਤੇ ਉਸ ਮੂਹਰੇ ਖੜ ਕੇ ਸਹੁੰ ਖਾਧੀ ਕਿ ਆਪਣੇ ਖ਼ੂਨ ਦੇ ਆਖਰੀ ਤੁਪਕੇ ਤੱਕ ਉਹ ਹਿੰਦੋਸਤਾਨ ਦੀ ਅਜ਼ਾਦੀ ਲਈ ਜੂਝਣਗੇ।

ਭਰਮਾ ਪਹੁੰਚਣ ਲਈ ਬਾਬੂ ਹਰਨਾਮ ਸਿੰਘ ਹੋਰਾਂ ਨੂੰ ਲੰਮਾ ਜੰਗਲੀ ਪੈਂਡਾ ਤਹਿ ਕਰਨਾ ਪਿਆ। ਇਹਨਾਂ ਕੋਲ ਹਥਿਆਰ ਸੀ। ਬਾਂਸ ਕੱਟ ਕੱਟ ਕੇ ਰਸਤਾ ਬਣਾਉਂਦੇ ਗਏ। ਬਾਬੂ ਜੀ ਕੋਲ ਕੰਪਾਸ ਸੀ, ਜਿਸਦੀ ਮੱਦਦ ਨਾਲ ਦਿਸ਼ਾ ਦੇਖਦੇ ਗਏ ਅਤੇ ਮਿੱਥੀ ਹੋਈ ਮੰਜ਼ਿਲ ਤੇ ਪਹੁੰਚ ਗਏ। ਇੱਥੇ ਆ ਕੇ ਮੁਹਿੰਮ ਸ਼ੁਰੂ ਕਰਨ ਤੱਕ ਇਹਨਾਂ ਨੂੰ ਹਿੰਦੋਸਤਾਨ ਵਿਚ ਗ਼ਦਰ ਦੇ ਫੇਲ੍ਹ ਹੋਣ ਦੀਆਂ ਖ਼ਬਰਾਂ ਮਿਲ ਚੁੱਕੀਆ ਸਨ। ਪਰ ਇਹਨਾਂ ਸੂਰਮਿਆਂ ਨੇ ਦਿਲ ਨਹੀਂ ਛੱਡਿਆ। ਮਿੱਥੇ ਪ੍ਰੋਗ੍ਰਾਮ ਤਹਿਤ ਫੌਜ਼ੀ ਬੈਰਕਾਂ ਵਿਚ ਫੌਜ਼ੀਆਂ ਨਾਲ ਸੰਪਰਕ ਕਰਕੇ ਉਹਨਾਂ ਨੂੰ ਆਪਣੇ ਨਾਲ ਜੋੜ ਲਿਆ। ਥਾਹੋਂ ਥਾਈਂ ਆਪਣੇ ਸਾਥੀ ਪਹੁੰਚਾ ਦਿੱਤੇ। ਪਰ ਇਹਨੀਂ ਦਿਨੀ ਬਾਬੂ ਹੁਰਾਂ ਦਾ ਇੱਕ ਸਾਥੀ ਚਾਲੀਆ ਰਾਮ ਗ਼ਦਰੀ ਸਾਹਿਤ ਲੈ ਕੇ ਆਉਂਦਾ ਹੋਇਆ ਫੜਿਆ ਗਿਆ। ਪ੍ਰਸ਼ਾਸਨ ਨੂੰ ਇਹਨਾਂ ਦੇ ਗੁਪਤ ਮਿਸ਼ਨ ਦੀ ਸੂਹ ਮਿਲ ਗਈ। ਸਾਥੀਆਂ ਦੀ ਫੜੋ ਫੜੀ ਸ਼ੁਰੂ ਹੋ ਗਈ। ਇਹਨਾਂ ਨੇ ਬਰਮਾ ਦੀ ਇੱਕ ਬੈਰਕ ਤੇ ਕਬਜ਼ਾ ਵੀ ਕਰ ਲਿਆ ਸੀ ਪਰ ਸਾਥੀਆਂ ਦੀ ਤਾਦਾਦ ਅਤੇ ਲੋੜੀਂਦਾ ਗੋਲੀ ਸਿੱਕਾ ਘੱਟ ਹੋਣ ਕਰਕੇ ਸਫਲਤਾ ਹੱਥ ਨਾ ਲੱਗੀ।


ਮਾੜਾ ਸਮਾਂ ਭਾਂਪ ਕੇ ਬਾਬੂ ਹਰਨਾਮ ਸਿੰਘ ਨੇ ਆਪਣੇ ਸਾਥੀਆਂ ਨੂੰ ਦੂਰ ਪਰੇ ਲੁਕ ਛੁਪ ਜਾਣ ਲਈ ਕਹਿ ਦਿੱਤਾ।ਆਪ ਵੀ ਇਹ ਰੰਗੂਨ ਤੋਂ ਤਾਂ ਬਚ ਕੇ ਨਿਕਲ ਗਏ ਪਰ ਬਰਮਾ ਵਾਲੇ ਪਾਸੇ ਮਾਆਵਡੀ ਦੇ ਕੋਲ ਫੜੇ ਗਏ। ਬਾਬੂ ਜੀ ਨੂੰ ਮੌਲਮੀਨ ਦੀ ਜ਼ੇਲ੍ਹ ਵਿਚ ਬੰਦ ਕਰ ਦਿੱਤਾ ਗਿਆ।ਇਸ ਜ਼ੇਲ੍ਹ ਵਿਚ ਹੋਰ ਵੀ ਬਹੁਤ ਸਾਰੇ ਗ਼ਦਰੀ ਸਨ। ਬਾਬੂ ਹਰਨਾਮ ਸਿੰਘ 1 ਸਤੰਬਰ 1915 ਨੂੰ ਆਪਣੇ ਦੋ ਸਾਥੀਆਂ ਨਾਲ ਜ਼ੇਲ੍ਹ ਦੀਆਂ ਸੀਖਾਂ ਕੱਟ ਕੇ ਭੱਜ ਨਿਕਲੇ। ਮੌਲਮੀਨ ਦਰਿਆ ਕਿਸ਼ਤੀ ਰਾਹੀਂ ਪਾਰ ਕਰਦੇ ਸਮੇਂ ਆਪ ਨੂੰ ਪੁਲਿਸ ਦਾ ਘੇਰਾ ਪੈ ਗਿਆ। ਪੁਲਿਸ ਨੇ ਗ੍ਰਿਫਤਾਰ ਕਰਕੇ ਮੁੜ ਮੌਲ਼ਮੀਨ ਦੀ ਜ਼ੇਲ੍ਹ ਵਿਚ ਬੰਦ ਕਰ ਦਿੱਤਾ। ਬਰਮਾ ਵਿਖੇ ਬਾਬੂ ਹਰਨਾਮ ਸਿੰਘ ਸਮੇਤ 17 ਗ਼ਦਰੀਆ ਤੇ 'ਫਸਟ ਬਰਮਾ ਕਾਂਸਪੀਰੇਸੀ ਕੇਸ' ਨਾਂ ਦਾ ਮੁਕੱਦਮਾ ਚਲਾਇਆ ਗਿਆ ਜੋ ਲਾਹੌਰ ਸਾਜਿਸ਼ ਕੇਸ ਦਾ ਹੀ ਦੂਜਾ ਰੂਪ ਸੀ। ਇਹਨਾਂ ਉਪਰ ਦੋਸ਼ ਲਾਏ ਗਏ ਕਿ ਇਹਨਾਂ ਨੇ ਬਾਦਸ਼ਾਹ ਸਲਾਮਤ ਦੇ ਉਲਟ ਸਾਜਿਸ਼ ਘੜ ਕੇ ਫੌਜ਼ਾਂ ਨੂੰ ਬਾਗੀ ਹੋਣ ਲਈ ਉਕਸਾਇਆ ਹੈ, ਬ੍ਰਿਟਿਸ਼ ਸਰਕਾਰ ਦਾ ਤਖਤਾ ਉਲਟਾਉਣ ਲਈ ਹਥਿਆਰਾਂ ਦੀ ਵਰਤੋਂ ਕੀਤੀ ਹੈ ਅਤੇ ਬਾਦਸ਼ਾਹ ਸਲਾਮਤ ਦੀ ਆਗਿਆਕਾਰ ਰਿਆਸਤ ਵਿਚ ਬੇਦਿਲੀ ਫੈਲਾਉਣ ਦੀ ਕੋਸ਼ਿਸ ਕੀਤੀ ਹੈ। ਇਸ ਕੇਸ ਵਿਚ 90 ਗਵਾਹੀਆਂ ਭੁਗਤੀਆਂ। ਚਾਰ ਬੰਦਿਆਂ ਨੂੰ ਪੁਖਤਾ ਸਬੂਤ ਨਾ ਹੋਣ ਕਾਰਨ ਛੱਡ ਦਿੱਤਾ ਗਿਆ। ਨਵਾਬ ਸਿੰਘ ਅਤੇ ਜੋਧ ਸਿੰਘ ਵਰਗੇ ਗ਼ਦਾਰਾਂ ਦੇ ਬਿਆਨਾਂ ਦੇ ਅਧਾਰ ਤੇ ਬਾਬੂ ਹਰਨਾਮ ਸਿੰਘ ਸਮੇਤ ਸੱਤ ਦੇਸ਼ ਭਗਤਾਂ ਨੂੰ ਫਾਂਸੀ ਅਤੇ ਛੇਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਫਾਂਸੀ ਦੀ ਸਜਾ ਸੁਣ ਕੇ ਬਾਬੂ ਹਰਨਾਮ ਸਿੰਘ ਦਾ ਚਿਹਰਾ ਹੋਰ ਦਗਣ ਲਗ ਪਿਆ। ਸਾਹਰੀ ਪਿੰਡ ਦਾ ਇਹ ਮਾਣਮੱਤਾ ਨਾਇਕ ਵਿਦੇਸ਼ੀ ਧਰਤੀ ਤੇ ਸੁਤੰਤਰਤਾ ਦੀ ਜੰਗ ਲੜਦਿਆਂ 14 ਨਵੰਬਰ 1916 ਨੂੰ ਫਾਂਸੀ ਦਾ ਰੱਸਾ ਚੁੰਮ ਕੇ ਸ਼ਹਾਦਤ ਦਾ ਜਾਮ ਪੀ ਗਿਆ।


ਬਾਬੂ ਹਰਨਾਮ ਸਿੰਘ ਦੇ ਜੱਦੀ ਨਿਵਾਸ ਸਥਾਨ ਦਾ ਇਕ ਦ੍ਰਿਸ਼


ਗਦਰੀ ਬਾਬਾ ਬਾਬੂ ਹਰਨਾਮ ਸਿੰਘ ਕਮਰਾ, ਜਿੱਥੇ ਉਹ ਰਿਹਾ ਕਰਦੇ ਸਨ।


ਗਦਰੀ ਬਾਬਾ ਬਾਬੂ ਹਰਨਾਮ ਸਿੰਘ ਦਾ ਪੋਤਰਾ ਮਾਸਟਰ ਦਵਿੰਦਰ ਸਿੰਘ ਪੁੱਤਰ ਸ. ਜੋਗਿੰਦਰ ਸਿੰਘ ਆਪਣੀ ਮਾਤਾ, ਪਤਨੀ ਅਤੇ ਬੱਚਿਆਂ ਨਾਲ।

# ਸਤਿਗੁਰੂ ਬਾਲਮੀਕ ਜੀ ਦੀ ਵਿਦਵਤਾ



ਲੇਖ ਸੰਗੀਤ ਕਾਵਿ ਸਾਹਿਤ ਦਰਸ਼ਨ ਆਲੋਚਕ ਆਦਿ ਕਲਾਵਾਂ ਦੇ ਸਤਿਗੁਰੂ ਬਾਲਮੀਕ ਜੀ ਕਲਾਕਾਰ ਸਨ।

ਆਪ ਜੀ ਦੀਆਂ ਮਹਾਨ ਪ੍ਰਸਿੱਧ ਲਿਖਤਾਂ ਯੋਗ ਵਸ਼ਿਸ਼ਟ ਤੇ ਰਾਮਾਇਣ ਹਨ। ਇਹਨਾਂ ਕ੍ਰਿਤਾਂ ਵਿਚ ਉਸ ਨੇ ਆਪਣੀ ਅਭੂਤ ਚਿੱਤਰਕਾਰੀ ਨਾਲ ਉਪਰੋਕਤ ਕਲਾਵਾਂ ਨੂੰ ਚਿਤਰਿਆ ਅਤੇ ਸਾਹਿਤ ਸਿਰਜਨਾ ਕਰਕੇ ਆਪਣੀ ਲੇਖ ਕਲਾ ਉਤੇ ਸੁਨਹਿਰੀ ਕਲਸ਼ ਚੜ੍ਹਾ ਕੇ ਲੇਖਣੀ ਵਿਚ ਜਾਨ ਪਾ ਦਿੱਤੀ, ਜਿਵੇਂ ਚੰਗਾ ਦਰਜੀ ਮਾੜੇ ਕੱਪੜੇ ਸਿਊਂ ਕੇ ਉਸ ਵਿਚ ਜਾਨ ਪਾ ਦਿੰਦਾ ਹੈ। ਇਸੇ ਲਈ ਮੁਨਸੀ ਦਵਾਰਕਾ ਪ੍ਰਸ਼ਾਦ ਕਹਿੰਦਾ ਹੈ।

ਮੁਰਦੋਂ ਕੋ ਜਾਗਤੀ ਹੈ ਤੇਰੇ ਨਾਦ ਕੀ ਆਵਾਜ਼

ਭਾਈ ਪ੍ਰਮਾਨੰਦ ਆਖਦਾ ਹੈ ਕਿ ਰਿਸ਼ੀ ਬਾਲਮੀਕ ਦੀ ਕਵਿਤਾ ਨੇ ਜਾਤੀਆਂ ਵਿਚ ਜਾਨ ਪਾ ਦਿੱਤੀ ਤੇ ਅਲੰਕਾਰਾਂ ਦੇ ਦਰਿਆ ਵਗਾ ਦਿੱਤੇ। ਅਲੰਕਾਰ ਸ਼ਾਸਤ੍ਰ ਦੇ ਅਚਾਰੀਆ ਅਨੰਦ ਵਰਧਨ ਦਾ ਕਹਿਣਾ ਹੈ ਕਿ ਸਾਹਿਤ ਕਲਾ ਵਿਚ ਰਸ ਸਧਾਂਤ ਪ੍ਰਗਟਾਉਣ ਦਾ ਸਿਹਰਾ ਰਿਸ਼ੀ ਬਾਲਮੀਕ ਨੂੰ ਜਾਂਦਾ ਹੈ।

ਰਸੈ: ਸੰਗਾਰ ਕਰੁਣ ਹਾਸ ਰੌਧਰ ਭਿਯਾਨਕੈ

ਬਾਲ ਕਾਂਡ ਸਰਗ 2 ਸ਼ਲੋਕ 1 ਦੇ ਅਨੁਸਾਰ ਰਸਾਂ ਤੇ ਅਲੰਕਾਰਾਂ ਦੀ ਵਰਤੋਂ ਨਾਲ ਸਤਿਗੁਰੂ ਬਾਲਮੀਕ ਜੀ ਨੇ ਆਪਣੀ ਲੇਖਣੀ ਨੂੰ ਸੁਆਦਲੀ ਬਣਾਇਆ ਅਤੇ ਉਸ ਦੀ ਰਚਨਾ ਰਾਮਾਇਣ ਵਿਚ ਪ੍ਰਕਿਰਤੀ ਦਾ ਸੰਜੀਵ ਵਰਣਨ ਹੈ, ਜਿਸ ਤੋਂ ਇਉਂ ਮਾਲੂਮ ਹੁੰਦਾ ਹੈ ਕਿ ਉਸ ਨੇ ਪ੍ਰਕਿਰਤੀ ਨਾਲ ਡੂੰਘੀ ਸਥਾਪਨਾ ਕਰ ਰੱਖੀ ਸੀ, ਜੋ ਆਪਣੇ ਰਸ ਪੜ੍ਹਦੇ ਨੂੰ ਉਸ ਦੇ ਅੱਗੋਂ ਹਟਾਈ ਜਾਂਦੀ ਸੀ। ਸਮਾਜ ਦਾ ਅਧਿਐਨ ਕਰਕੇ ਉਸ ਨੇ ਸਾਹਿਤਕ ਰਚਨਾ ਵਿਚ ਸੰਗੀਤ ਕਾਵਿ ਦਾ ਰੂਪ ਦਿੱਤਾ, ਜਿਸ ਦਾ ਵੇਰਵਾ ਇਸ ਤਰ੍ਹਾਂ ਹੈ:

ਬਾਲ ਕਾਂਡ ਦੇ ਪਹਿਲੇ ਚਾਰ ਸਰਗਾਂ ਵਿਚ ਰਿਸ਼ੀ ਬਾਲਮੀਕ ਜੀ ਨੂੰ ਤਪੀ, ਮੁਨੀ, ਰਿਸ਼ੀ ਤੇ ਭਗਵਾਨ ਕਿਹਾ ਗਿਆ ਹੈ। ਤਪੀ ਦਾ ਅਰਥ ਅਧਿਐਨ ਕਰਨ ਵਾਲਾ ਹੈ। ਅਲਹਾਮੀ ਰਚਨਾ ਕਰਨ ਵਾਲੇ ਗਿਆਨੀ ਨੂੰ ਮੁਨੀ ਕਿਹਾ ਜਾਂਦਾ ਹੈ, "ਰਿਸ਼ੀ" ਰਿਸ਼ਗਤੋ ਤੋਂ ਰਿਸ਼ੀ ਸ਼ਬਦ ਬਣਿਆ। ਯਾਸਕ ਮੁਨੀ ਦੇ ਨਰੁਕਤ 2-3 ਅਨੁਸਾਰ 'ਰਿਸ਼ੀਯੋ ਮੰਤ੍ਰ ਦਿਸ਼ਟਾਰੋ ਬਭੁਵ ਰਿਸ਼ੀਯੋ ਮੰਤ੍ਰ ਸਸ ਪ੍ਰਾਦ" ਕਾਤਯਾਨ ਦੇ ਸੂਤਰ ਮੁਤਾਬਕ "ਸਰਵਾਨ ਕਰਮ" ਮੰਤ੍ਰ ਦੇ ਦਿਖਾਣ ਵਾਲੇ ਜਾਂ ਸ਼ਾਖਸ਼ਾਤਕਾਰ ਕਰਨ ਵਾਲੇ ਨੂੰ ਰਿਸ਼ੀ ਕਿਹਾ ਗਿਆ ਹੈ। ਵਿਚਾਰਸ਼ੀਲ ਬੁੱਧੀਮਾਨ ਨੂੰ ਵੀ ਰਿਸ਼ੀ ਕਿਹਾ ਜਾਂਦਾ ਹੈ। ਗੁਰੂ ਹੋਣ ਦੇ ਨਾਤੇ ਉਸ ਨੂੰ ਭਗਵਾਨ ਕਿਹਾ ਹੈ, ਉਹ ਸਾਡੇ ਮਾਲਕ ਅਥਵਾ ਸਵਾਮੀ ਹੈ।

ਸੰਗੀਤਕਾਰ ਗਾਨ ਸ਼ਬਦ ਗੌ ਧਾਤੂ ਤੋਂ ਬਣਦਾ ਹੈ "ਗੀਤੰ 'ਚ ਵਾਲਮੀਕ ਮਹਿ ਰਿਸ਼ਟ" ਵਿਸ਼ਨੂੰ ਪੁਰਾਣ 1, 65 ਤੇ ਬਾਲ ਕਾਂਡ ਸਰਗ 2 ਤੋਂ ਜਾਣਿਆ ਜਾਂਦਾ ਹੈ ਕਿ ਰਿਸ਼ੀ ਬਾਲਮੀਕ ਜੀ ਸੰਗੀਤਕਾ ਸਨ। ਉਸ ਨੇ ਲਵ-ਕੁਸ਼ ਆਪਣੇ ਸ਼ਿਸ਼ਾਂ ਨੂੰ ਗਾ ਕੇ ਸਿਖਾਇਆ।

ਡਾਕਟਰ ਸ਼ਾਂਤੀ ਕੁਮਾਰ ਨਾਨੂ ਰਾਮ ਵਿਆਸ ਕਹਿੰਦਾ ਹੈ "ਸ਼ਾਸਤਰੀ ਕਲਾ ਦੇ ਰੂਪ ਵਿਚ ਸੰਗੀਤ ਦੀ ਪ੍ਰਗਤੀ ਉਤੇ ਸਤਿਗੁਰੂ ਬਾਲਮੀਕ ਜੀ ਦਾ ਪ੍ਰਕਾਸ਼ ਪੈਂਦਾ ਹੈ। ਮੁਨੀ ਬਾਲਮੀਕ ਨੇ ਆਪਣੀ ਕ੍ਰਿਤ ਵਿਚ ਗੀਤ ਸ਼ਾਸਤਰ ਦੀ ਸੰਗਿਯਾ ਪ੍ਰਦਾਨ ਕੀਤੀ, ਰਾਮਾਇਣ ਆਪਣੇ ਯੁਗ ਦੀ ਲਾਸਾਨੀ ਸੰਗੀਤ ਕਾਵਿ ਕ੍ਰਿਤੀ ਹੈ। ਵਰਣਕਿ ਸੰਗੀਤ ਦਾ ਆਰੰਭ ਕਿ ਰੂਪ ਰਾਮਾਇਣ ਦਾ ਅਨੁਸਟੁਪ ਛੰਦ ਹੈ ਜਿਸ ਦੇ ਜਨਕ ਖੁਦ ਮਹਾਂਰਿਸ਼ੀ ਬਾਲਮੀਕ ਜੀ ਹੈ"।

ਸੰਗੀਤ ਉਹਦੇ ਭਾਵਾਂ ਤੋਂ ਫੁੱਟਿਆ, ਜਿਸ ਨੂੰ ਉਸ ਨੇ ਜਾਨਵਰਾਂ ਦੀਆਂ ਬੋਲੀਆਂ ਤੋਂ ਵਿਕਸਤ ਕੀਤਾ, ਜਿਵੇਂ - ਸਾ ਮੋਰ ਦੀ, ਰੇ ਪਪੀਹੇ ਦੀ, ਗਾ ਬਕਰੇ ਦੀ, ਪਾ ਕੋਇਲ ਦੀ, ਮਾ ਕਾਂ ਦੀ, ਧਾ ਡੱਡੂ ਦੀ, ਨੀ ਹਾਥੀ ਦੀ ਚੰਗਾੜ ਆਦਿ ਦੀਆਂ ਆਵਾਜ਼ਾਂ ਲੈ ਕੇ ਸਤ ਸੁਰੀ ਸੰਗੀਤ ਦੀ ਸਰਗਮ ਬਣਾਈ। ਜਿਵੇਂ ਕਿ-

"ਸਾ-ਰੇ-ਗਾ-ਮਾ-ਪਾ-ਧਾ-ਨੀ"

ਆਦਿ ਕਵੀ 'ਕਵੇ ਕਰਮ ਕਵਿਯਮ' ਕਵਰ ਵਰਣ ਧਾਤੂ ਤੋਂ ਕਵੀ ਸ਼ਬਦ ਬਣਿਆ। ਡਾਕਟਰ ਰਸਕ ਬਿਹਾਰੀ ਜੋਸ਼ੀ ਕਹਿੰਦਾ ਹੈ ਕਿ 'ਵੇਦ ਮੰਤ੍ਰਾਂ ਦੇ ਦੇਖਣ ਵਾਲੇ ਨੂੰ ਕਵੀ ਕਿਹਾ ਜਾਂਦਾ ਹੈ। ਕਵੀ ਨੂੰ ਮਨੀਸ਼ੀ ਸਵਯੰਭੂ ਏਵੰ ਸਾਖਸ਼ਾਤ ਪ੍ਰਮਾਤਮਾ ਕਿਹਾ ਹੈ।" ਕਾਵਿ ਪਦਤਿ ਕਵੇਰਾ ਦਯ ਸਯ ਨਾਤ। ਇਸ ਵਾਕ ਵਿਚ ਕਾਲੀ ਦਾਸ ਕਹਿੰਦਾ ਹੈ ਕਿ "ਕਾਵਿ ਪਦਤਿ" ਰਿਸ਼ੀ ਬਾਲਮੀਕ ਤੋਂ ਚਲੀ ਆਉਂਦੀ ਹੈ, ਉਹ ਬਿਕਰ ਮੋਰ ਵਸੀ ਨਾਟਕ ਵਿਚ ਕਵਿਤਾ ਸ਼ਕਤੀ ਬਾਲਮੀਕ ਤੋਂ ਜੰਮੀ ਦੱਸਦਾ ਹੈ, ਇਸੇ ਲਈ ਪਿਆਰ ਸਿੰਘ ਪਦਮ ਬਾਲਮੀਕ ਨੂੰ ਕਵਿਤਾ ਦਾ ਪਿਉ ਆਖਦਾ ਹੈ। "ਕਾਵਿ ਤੇ ਵਰਣਤਿ ਕਵੀ" ਯਾਸਕ ਮੁਨੀ ਨਰੁਕਤਤ ਵਿਚ ਕਵੀ ਸ਼ਬਦ ਦੇ ਅਰਥ ਮਿਧਾਵੀ (ਬੁੱਧੀਮਾਨ) ਕਰਦੇ ਹਨ।

ਕਾਵਿ ਕਰਾਂਤ ਦਰਸ਼ਨੋ ਭਵਿਤਿ ਕਵੀ ਤੇਰਵਾਂ

ਨਘੰਟੂ ਦੇ ਇਸ ਵਾਕ ਤੋਂ ਸਪਸ਼ਟ ਹੈ ਕਿ ਕਵੀ ਸ਼ਬਦ ਦਾ ਅਰਥ ਕਰਾਂਤੀਕਾਰੀ ਹੈ।

ਬਾਬੂ ਵਿਨੋਦ ਬਿਹਾਰੀ ਦੀ ਰਾਏ ਅਨੁਸਾਰ "ਕਵਿਤਾ ਆਨੰਦ ਦੀ ਸ੍ਰਿਸ਼ੀ ਹੈ, ਜਦ ਆਨੰਦ ਨਾਲ ਜੀਵ ਦਾ ਦਿਲ ਖੁਸ਼ੀ ਨਾਲ ਭਰ ਜਾਂਦਾ ਹੈ, ਤਾਂ ਛਲ ਛਲ ਕਰ ਕਵਿਤਾ ਦਾ ਸ੍ਰੋਤ ਫੁੱਟਦਾ ਹੈ, ਪ੍ਰੰਤੂ ਕਰੁਣਾ ਜੀ ਦਾ ਕਥਨ ਹੈ ਕਿ ਕਵਿਤਾ ਦਾ ਜਨਮ ਵੇਦਨਾ ਤੋਂ ਹੁੰਦਾ ਹੈ ਭਾਵ ਪੀੜਾ ਤੋਂ ਹੁੰਦਾ ਹੈ, ਸ਼ਿਕਾਰੀ ਦੁਆਰਾ ਕੁੰਜ ਪੰਛੀ ਦੇ ਮਾਰੇ ਜਾਣ ਨਾਲ ਰਿਸ਼ੀ ਬਾਲਮੀਕ ਦਾ ਹਿਰਦਾ ਫਟ ਗਿਆ ਸੀ, ਇਸ ਪੀੜ ਤੋਂ ਬਾਲਮੀਕ ਦੁਆਰਾ ਸ਼ਿਕਾਰੀ ਦੇ ਸਰਾਪ ਨਾਲ ਕਵਿਤਾ ਦੀ ਰਚਨਾ ਹੋਈ।'

ਡਾਕਟਰ ਸ਼ਾਂਤੀ ਕੁਮਾਰ ਨਾਨੂ ਵਿਆਸ ਆਖਦਾ ਹੈ ਕਿ "ਕਾਵਿ ਇਕ ਪੂਰਨ ਕਲਾ ਹੈ, ਜੋ ਸਰੋਤਿਆਂ ਨੂੰ ਟੁੰਬ ਕੇ ਜਗਾਉਂਦੀ ਹੈ, ਇਸ ਲਈ ਕਵੀ ਬਾਲਮੀਕ ਜੀ ਨੇ ਜੀਵਨ ਘਟਨਾਵਾਂ ਨੂੰ ਕਵਿਤਾ ਰਾਹੀਂ ਚਿਤਰਿਆ, ਇਸ ਲਈ ਉਸ ਨੂੰ ਆਦਿ ਕਵੀ ਕਿਹਾ ਗਿਆ ਹੈ। ਉਹਦੀ ਕਾਵਿ ਦੀ ਉਕਤੀ ਦਾ ਰਿਸ਼ੀਆਂ ਮੁਨੀਆਂ ਸਵਾਗਤ ਕੀਤਾ ਤੇ ਸਨਮਾਨ ਨਾਲ ਉਸ ਨੂੰ ਆਦਿ ਕਾਵਿ ਦੇ ਪਦ ਉਤੇ ਬਿਰਾਜਮਾਨ ਕੀਤਾ।"

ਸਾਹਿਤਕਾਰ ਸਾਹਿਤ ਰਚਨਾ ਦੀ ਉਤਪਤੀ ਦਾ ਨਾਂ ਹੈ, ਇਹ ਜੀਵਨ ਦਾ ਪ੍ਰਛਾਵਾਂ ਹੈ, ਜ਼ਿੰਦਗੀ ਦਾ ਅਕਸ ਤੇ ਸਮਾਜ ਦਾ ਸ਼ੀਸ਼ਾ ਹੈ। ਸਾਹਿਤ ਉਸ ਲਿਖਤ ਨੂੰ ਕਹਿੰਦੇ ਹਨ ਜੋ ਸੋਹਜ ਸੁਆਦ ਪੈਦਾ ਕਰੇ ਅਤੇ ਮਨੁੱਖੀ ਲਾਭਾਂ ਦੀ ਸ਼ਕਤੀ ਪੈਦਾ ਕਰੇ। ਇਸ ਲਈ ਟਾਲਸਟਾਏ ਆਖਦਾ ਹੈ ਕਿ ਕਲਾ ਰਾਹੀਂ ਮਨੁੱਖੀ ਅਹਿਸਾਸ ਪ੍ਰਗਟਾਏ ਜਾਂਦੇ ਹਨ ਅਤੇ ਸਾਹਿਤ ਰਾਹੀਂ ਮਨੁੱਖੀ ਵਿਚਾਰ ਦਰਸਾਏ ਜਾਂਦੇ ਹਨ, ਵਿਚਾਰ ਤੇ ਅਨੁਭਵਾਂ ਦਾ ਪ੍ਰਗਟਾ ਸਾਹਿਤ ਦਾ ਮੁੱਖ ਮਨੋਰਥ ਹੈ।

ਸਾਹਿਤ ਤੇ ਸਮਾਜ- ਸਮਾਜ ਵਿਚ ਕਵੀ ਦਾ ਸਮੂਹਿਕ ਰੂਪ ਹੈ, ਵਿਅਕਤੀਆਂ ਦੇ ਮਿਲਾਪ ਨਾਲ ਸਮਾਜ ਬਣਦਾ ਹੈ, ਇਸ ਲਈ ਵਿਅਕਤੀ ਤੇ ਸਮਾਜ ਇਕ ਦੂਜੇ ਤੇ ਨਿਰਭਰ ਹਨ।

ਸਾਹਿਤ ਗਿਆਨ ਰਾਸ਼ੀ ਦੇ ਸਜੀਵੀ ਕੋਸ਼ ਦਾ ਰੂਪ ਹੈ। ਜਿਸ ਵਿਚ ਹਿਤ ਦੀ ਭਾਵਨਾ ਰਹਿੰਦੀ ਹੈ। ਇਸ ਲਈ ਇਹ ਸਾਹਿਤ ਕਹਾਉਂਦਾ ਹੈ। ਸਾਹਿਤ ਮਨੁੱਖ ਲਈ ਹੈ, ਕਿਉਂਕਿ ਹਿਤ ਦਾ ਸਾਧਨ ਮਨੁੱਖ ਦਾ ਹੀ ਹੁੰਦਾ ਹੈ। ਸਾਹਿਤ ਦਾ ਸੰਚੈਯ ਭਾਸ਼ਾ ਦੁਆਰਾ ਹੀ ਸੰਭਵ ਹੈ ਅਤੇ ਭਾਸ਼ਾ ਵਿਅਕਤੀ ਦਾ ਸਾਧਨ ਹੈ। ਸਾਹਿਤ ਭਾਸ਼ਾ ਅਤੇ ਕਵੀ ਦੋਹਾਂ ਦੇ ਵਿਚਾਲੇ ਦੀ ਕੜੀ ਹੈ। ਲੇਖ ਕਲਾ, ਕਾਵਿ ਕਲਾ, ਸੰਗੀਤ ਕਲਾ ਅਤੇ ਦਰਸ਼ਨ ਕਲਾ ਆਦਿ ਸਾਹਿਤ ਕਲਾ ਦੇ ਅੰਗ ਹਨ। ਰਿਸ਼ੀ ਬਾਲਮੀਕ ਨੇ ਕਲਾ ਕੌਸ਼ਲਤਾ ਨਾਲ ਸਾਹਿਤਕ ਰਚਨਾ ਦਾ ਨਿਰਮਾਣ ਕੀਤਾ।

ਸਾਹਿਤ ਇਕ ਅਜਿਹੀ ਕਲਾ ਹੈ, ਜੋ ਸੁੱਤੀਆਂ ਕਲਾਂ ਨੂੰ ਜਗਾਉਂਦੀ ਹੈ ਤੇ ਕਮਜ਼ੋਰ ਇਰਾਦਿਆਂ ਨੂੰ ਤਕੜਾ ਕਰਦੀ ਹੈ। ਸੋ ਸਤਿਗੁਰੂ ਜੀ ਨੇ ਸ਼ਬਦਾਂ ਦੇ ਚਿੰਨ੍ਹਾਂ ਨਾਲ ਮਨੁੱਖੀ ਭਾਵਾਂ ਨੂੰ ਸਾਹਿਤਕ ਤਰੀਕੇ ਨਾਲ ਪ੍ਰਗਟਾਇਆ। ਸਾਹਿਤ ਦੇ ਗੁਣ ਉਹਦੇ ਗੁਣ ਗੁਣਾਂ ਦੇ ਵਿਚੋਂ ਉਪਜੇ, ਇਸ ਲਈ ਰਾਗ ਸਾਹਿਤ ਦਾ ਜ਼ਰੂਰੀ ਅੰਗ ਬਣਿਆ, ਸਾਹਿਤ ਰਿਸ਼ੀ ਬਾਲਮੀਕ ਤੋਂ ਜੰਮਿਆ ਪਲਿਆ।

ਡਾਕਟਰ ਸ਼ਾਂਤੀ ਕੁਮਾਰ ਨਾਨੂ ਰਾਮ ਵਿਆਸ ਦਾ ਕਹਿਣਾ ਹੈ "ਪੁਰਾਤਨ ਕਾਲ ਦੇ ਭਾਰਤੀ ਸਾਹਿਤਕ ਇਤਿਹਾਸ ਵਿਚ ਰਾਮਾਇਣ ਹੀ ਇਕ ਅਜਿਹਾ ਸਮਾਂ ਸੀ, ਜਦ ਅਸਲੀ ਰੂਪ ਵਿਚ ਸਾਹਿਤ ਦੀ ਰਚਨਾ ਹੋਈ ਅਤੇ ਇਯ ਦਾ ਆਰੰਭ ਰਾਮਾਇਣ ਦੀ ਸਿਰਜਣਾ ਨਾਲ ਹੋਈ।

ਫਿਲਾਸਫਰ ਸਤਿਗੁਰੂ ਬਾਲਮੀਕ ਜੀ ਨੇ ਯੋਗ ਵਸ਼ਿਸ਼ਟ ਜੀ ਨੇ ਭਾਰਤੀ ਦਰਸ਼ਨ ਦਾ ਮੁੱਢ ਬੰਨ੍ਹਿਆ, ਦਰਸ਼ਨ ਇਕ ਫਸਲਫਾ ਹੈ, ਜੋ ਬਾਲਮੀਕ ਜੀ ਨੇ ਆਪਣੀ ਫਿਲਾਸਫੀ ਦਰਸਾ ਕੇ ਮਨੁੱਖ ਨੂੰ ਇਸਦੀ ਜਾਂਚ ਦਰਸਾਈ।

ਆਲੋਚਕ- ਆਲੋਚਕ ਜਾਂ ਆਲੋਚਨਾ ਸ਼ਬਦ ਸੰਸਕ੍ਰਿਤ ਧਾਤੂ ਤੋਂ ਨਿਕਲਿਆ, ਜਿਸ ਦਾ ਅਰਥ ਦੇਖਣਾ ਹੈ, ਕਿ ਸਾਹਿਤ ਭਲੀ ਭਾਂਤ ਦੇਖ ਕੇ ਆਪਣੇ ਮਤ ਲੂੰ ਪ੍ਰਗਟ ਕਰਨ ਲਈ ਸਿਰਜਿਆ ਜਾਂਦਾ ਹੈ। ਅਲੋਚਨਾ ਸ਼ਬਦ ਦਾ ਮੂਲ ਧਾਤੂ ਸੰਸਕ੍ਰਿਤ ਦਾ ਸ਼ਬਦ ਸਮਾਜ ਤੋਂ ਪੈਦਾ ਹੋਇਆ ਹੈ, ਜਿਸ ਦਾ ਮਤਲਬ ਦੇਖਣ, ਪੜਤਾਲ ਕਰਨਾ, ਨਿਰੀਖਣ ਕਰਨਾ, ਵਿਸ਼ਲੇਸ਼ਣ ਕਰਨਾ, ਨਿਰੀਖਣ ਕਰਨਾ, ਵਿਆਖਿਆ ਕਰਕੇ ਖੁਦ ਸਮਝਣਾ, ਇਸ ਨੂੰ ਸਾਹਿਤ ਕਹਿੰਦੇ ਹਨ।

ਆਲੋਚਕ ਉਹ ਹੈ ਜੋ ਕਦਰਾਂ ਕੀਮਤਾਂ ਦਾ ਪਾਰਖੂ ਹੋਵੇ। ਸਾਹਿਤ ਨੂੰ ਆਲੋਚਨਾ ਕਿਹਾ ਜਾ ਸਕਦਾ ਹੈ, ਉਹ ਭਾਵੇਂ ਸ਼ਬਦ ਹੋਵੇ ਜਾਂ ਨਿਰਣੇ। ਆਲੋਚਨਾ ਦਾ ਮੰਤਵ ਕ੍ਰਿਤ ਦੇ ਗੁਣ ਦੋਸ਼ ਪ੍ਰਗਟਾਉਣਾ ਹੈ। ਆਲੋਚਨਾ ਇਕ ਕਲਾ ਹੈ, ਜਿਸ ਵਿਚ ਲੇਖਕ ਸੁਚੇਤ ਹੋ ਰਿਹਾ ਹੁੰਦਾ ਹੈ, ਆਲੋਚਨਾ ਨੁਕਤਾਚੀਨੀ ਨੂੰ ਕਿਹਾ ਜਾਂਦਾ ਹੈ। ਰਾਮਾਇਣ ਦੇ ਲੇਖਕ ਆਦਿ ਕਵੀ ਬਾਲਮੀਕ ਨੂੰ ਕਵੀ ਤੋਂ ਇਲਾਵਾ ਆਲੋਚਕ ਵੀ ਕਿਹਾ ਗਿਆ ਹੈ।

ਬਾਬੂ ਗੁਲਾਬ ਰਾਏ "ਆਪਣੇ ਸਮ੍ਰਿਤੀ ਗ੍ਰੰਥਾਂ ਵਿਚ ਬਾਲਮੀਕ ਨੂੰ ਸੰਸਕ੍ਰਿਤ ਸਾਹਿਤ ਦੇ ਪ੍ਰਮੁੱਖ ਆਲੋਚਕ ਮੰਨਦੇ ਹਨ, ਅਤੇ ਉਸ ਵਿਚ ਕਾਰਯਾਤ੍ਰੀ ਤੇ ਭਾਵਾਯਾਤ੍ਰੀ ਦੋਵੇਂ ਤਰ੍ਹਾਂ ਦੀ ਪ੍ਰਤਿਭਾ ਮੰਨਦੇ ਹਨ। ਉਸ ਨੇ ਆਪਣੇ ਸ਼ਲੋਕ-

"ਮਾ ਨਸ਼ਾਧ ਪ੍ਰਿਤਿਸ਼ਠਾ ਤਵ ਗਮ: ਸ਼ਸਤਵਤੀ ਯਤ ਕਰੌਚ
ਦੇਵ ਕਾਮ
ਮਿਥਨਾ ਮਹੌਤ ਮਮ"

ਦੀ ਆਲੋਚਨਾ ਕਰਦਿਆਂ ਕਿਹਾ-

"ਪਾਦ ਬੰਦੇ ਅਖਰ ਸਮ ਤੰਤਰੀ ਲੈਯ ਸਮ ਨਿਵਤ
ਸੋ ਕਾਰਯਤ ਸਯ ਪ੍ਰਿਵਿਰਤੋ ਮੇਂ ਸ਼ਲੋਕੋ
ਭਵਤ ਨਾਯਨ ਥਾ"



ਸ਼ਾਮ ਲਾਲ ਸੋਂਧੀ

ਬਾਲ ਕਾਂਡ ਸਰਗ ਸ਼ਲੋਕ 12 ਵਿਚ ਰਿਸ਼ੀ ਬਾਲਮੀਕ ਜੀ ਕਹਿੰਦਾ ਹੈ, ਚਾਰ ਵਰਣਾਂ ਵਿਚ ਬੰਨ੍ਹਿਆ ਹੋਇਆ ਪਦ ਅਖਰਾਂ ਵਿਚ ਬਰਾਬਰ ਵੀਣਾਂ ਦੀ ਤਾਲ ਸੁਰ ਲੈਯ ਨਾਲ ਗਾਈ ਹੋਈ ਮੇਰੀ ਬਾਣੀ ਮੇਰੇ ਪੀੜਤ ਹਿਰਦੇ ਵਿਚੋਂ ਨਿਕਲ ਕੇ ਇਕ ਨਵਾਂ ਹੀ ਨਾਦ ਛੇੜ ਰਹੀ ਹੈ, ਜੋ ਐਵੇਂ ਨਹੀਂ ਜਾਵੇਗੀ।

ਉਸ ਦੀ ਇਸ ਸ਼ਲੋਕ ਅਤੇ ਸ਼ਲੋਕ ਦੇ ਸਮੀਕਰਨ ਦੀ ਜਾਂ ਰੂਪ ਨੂੰ ਆਲੋਚਨਾ ਵਿਚ ਕਾਵਿ ਸ਼ਾਸਤਰ ਦਾ ਮਹਾਨ ਸਿਧਾਂਤ ਜੋ ਮੌਜੂਦ ਹੈ, ਜਿਸ ਨੂੰ ਪੂਰਬੀ ਤੇ ਪੱਛਮੀ ਦੋਵੇਂ ਵਿਦਵਾਨ ਮੰਨਦੇ ਹਨ। ਕਾਲੀ ਦਾਸ ਅਤੇ ਆਨੰਦ ਵਰਧਨ ਬਾਲਮੀਕ ਨੂੰ ਕਵੀ ਤੋਂ ਇਲਾਵਾ ਆਲੋਚਕ ਵੀ ਮੰਨਦੇ ਹਨ। ਇਸ ਲਈ ਸਹਿਜੇ ਹੀ ਆਦਿ ਕਵੀ ਬਾਲਮੀਕ ਜੀ ਆਲੋਚਕ ਸਨ।"

ਪੰਡਤ ਬਲਦੇਵ ਉਪਾਧਿਆ ਦੀ ਖੋਜ ਦੱਸਦੀ ਹੈ ਕਿ "ਆਲੋਚਕ ਸ਼ਾਸਤਰ ਨੂੰ ਪੁਰਾਤਨ ਕਾਲ ਵਿਚ ਕਰਿਆ ਕਲਿਪ ਵੀ ਕਿਹਾ ਜਾਂਦਾ ਸੀ, ਸਮੀਕਸ਼ਾ ਦਾ ਅਰਥ ਰਚਨਾ ਤੇ ਰਚਨਹਾਰੇ ਦਾ ਸਰਬਤਾ ਬਵੇਚਨ ਹੈ। ਇਸ ਰੂਪ ਵਿਚ ਸਾਹਿਤ ਦੇ ਵਿਸ਼ਲੇਸ਼ਣ ਅਤੇ ਮੂਲ ਅੰਕਨ ਸਮੀਕਸ਼ਾ ਕਿਹਾ ਜਾਂਦਾ ਹੈ। ਸਾਹਿਤ ਇਕ ਕਲਾ ਹੈ, ਜਦਕਿ ਸਾਹਿਤ ਇਕ ਸ਼ਾਸਤਰ ਹੈ। ਪਲੈਟੋ ਅਤੇ ਅਰਸਤੂ ਆਦਿ ਵਿਦਵਾਨਾਂ ਦੇ ਸ਼ਾਸਤਰ ਤਥਾ ਰਾਜ ਸ਼ਾਸਤਰ ਉਤੇ ਚਿੰਤਨ ਅਤੇ ਸੰਦਰਭ ਵਿਚ ਸਾਹਿਤ ਨੇ ਸਾਹਿਤ ਦੀ ਵਿਭਿੰਨ ਸਮੱਸਿਆਵਾਂ ਨੂੰ ਸੰਕੇਤ ਰੂਪ ਵਿਚ ਪ੍ਰਗਟਾਇਆ ਹੈ। ਇਸ ਲਈ ਰਿਸ਼ੀ ਬਾਲਮੀਕ ਜੀ ਕਵੀ ਸਾਹਿਤਕਾਰ ਸਾਹਿਤ ਅਤੇ ਆਲੋਚਕ ਨੇ ਆਪਣੀ ਰਚਨਾ ਦੀ ਖੁਦ ਆਲੋਚਨਾ ਕੀਤੀ। ਸਾਹਿਤ ਨੂੰ ਸਪਸ਼ਟੀਕਰਨ ਕਰਨਾ ਪੈਂਦਾ ਹੈ ਅਤੇ ਆਪਣਾ ਦ੍ਰਿਸ਼ਟੀਕੋਣ ਅੱਗੇ ਰੱਖਣਾ ਪੈਂਦਾ ਹੈ। ਆਲੋਚਕ ਕ੍ਰਿਤ ਨੂੰ ਘੋਖਣ ਤੇ ਗੁਣ ਔਗੁਣ ਵੱਲ ਇਸ਼ਾਰਾ ਕਰਦਾ ਹੈ, ਜਿਵੇਂ ਕੂੰਤ ਪੰਛੀ ਦੇ ਮਾਰੇ ਜਾਣ ਤੇ ਪ੍ਰਸੰਨ ਮਹਾਂ ਰਿਸ਼ੀ ਬਾਲਮੀਕ ਜੀ ਨੇ ਆਲੋਚਨਾ ਕਰਕੇ ਆਲੋਚਕਾਂ ਨੂੰ ਦਿਖਾਇਆ ਹੈ, ਇਸ ਲਈ ਮਹਾਂਰਿਸ਼ੀ ਬਾਲਮੀਕ ਜੀ ਨੂੰ ਮਹਾਨ ਮੰਨਿਆ ਜਾਂਦਾ ਹੈ, ਇਸ ਤੋਂ ਉਸਦੀ ਵਿਦਵਤਾ ਦਾ ਪਤਾ ਲੱਗਦਾ ਹੈ ਕਿ ਉਹ ਮਹਾਨ ਵਿਦਵਾਨ ਸਨ।

ਰਿਸ਼ੀ ਬਾਲਮੀਕ ਜੀ ਦਾ ਪਾਤਰਾਂ ਰਾਹੀਂ ਸੱਚ ਦਾ ਸੰਦੇਸ਼ ਪਾਤਰ ਚਿਤਰਾਵਲੀ ਬਾਰੇ ਐਲਸ ਬਾਲਮੀਕ ਦੀ ਰਾਮਾਇਣ ਦੀ ਚਿਤਰਾਵਲੀ ਅੰਗਰੇਜ਼ੀ ਪੁਸਤਕ ਦੇ ਪੰਨਾ 551-552 ਵਿਚ ਇਉਂ ਦਰਜ ਹੈ ਕਿ ਬਾਲਮੀਕ ਦਾ ਕਾਵਿਕ ਆਦਰਸ਼ ਵਿਚੋਂ ਰਿਸ਼ੀ ਬਾਲਮੀਕ ਦੇ ਪ੍ਰਗਟਾਏ ਗਏ ਪਾਤਰਾਂ ਦੀਆਂ ਖੂਬੀਆਂ ਦੱਸਦੇ ਹੋਏ ਕਹਿੰਦੇ ਹਨ ਕਿ "ਵਿਅਕਤੀਗਤ ਨਾ ਰਹਿਕੇ ਸਰਬਾਂਗੀ ਬਣ ਗਈਆਂ ਹਨ, ਉਸ ਦੇ ਵਿਅਕਤੀਗਤ ਮੇਲ ਜੋਲ ਅਤੇ ਸੁਭਾਅ ਆਤਮਾ ਦੀਆਂ ਵਿਸ਼ੇਸ਼ ਸਥਿਤੀਆਂ ਨੂੰ ਵਿਅਕਤ ਕਰਦੇ ਹਨ, ਜਾਂ ਉਹ ਜੀਵਨ ਦੇ ਵਿਸ਼ੇਸ਼ ਤਜਰਬਿਆਂ ਦੇ ਸੁਮੇਲ ਨਾਲ ਤੁਰਦੇ ਹਨ। ਆਤਮਾ ਦੀਆਂ ਸਥਿਤੀਆਂ ਭਾਵਨਾਵਾਂ, ਜਜ਼ਬਾਤਾਂ, ਇੱਛਾਵਾਂ, ਕਾਮ ਨਾਵਾਂ ਤੇ ਉਸ ਦੀ ਸਮੁੱਚੀ ਸ੍ਰਿਸ਼ਟੀ ਨਾਲ ਜੁੜੀਆਂ ਹੋਈਆਂ ਹਨ, ਇਹੋ ਜੀਵਾਂ ਦਾ ਤਾਣਾ ਪੇਟਾ ਹਨ, ਜੀਵਨ ਦੇ ਤਾਣੇ ਪੇਟੇ ਦੀ ਵਿਆਪਕਤਾ ਹਨ, ਸੰਪੂਰਨ ਸਚਵਾਦ ਤੋਂ ਘਟੀਆ ਕਿਸਮ ਦੀ ਕਦੂਰਤਤਕ, ਕੋਮਲ ਹਿਰਦੇ ਵਿਚੋਂ ਨਿਕਲੇ ਪਿਆਰ ਭਿੱਜੇ ਬੋਲਾਂ ਤੋਂ ਲੈ ਕੇ ਨਿਘਰੀ ਹੋਈ ਬੇਰਹਿਮੀ ਨਾਲ ਸਹਿਣਸ਼ੀਲਤਾ ਤੋਂ ਲੈ ਕੇ ਕਠੋਰ ਜ਼ੁਲਮ ਤੱਕ, ਉਚ ਕੋਟੀ ਦੀ ਅਛਾਈ ਤੋਂ ਲੈ ਕੇ ਘਟੀਆ ਪ੍ਰਕਾਰ ਦੇ ਜ਼ੁਲਮ ਸਿਤਮ ਆਦਿ ਦੇ ਕਲਾਵੇ ਵਿਚ ਆਉਂਦੀ ਹੈ ਅਤੇ ਇਹਨਾਂ ਦੀ ਡੂੰਘਾਈ ਸਾਗਰ ਦੇ ਜਲ ਵਾਂਗ ਅਮਿਣਤ ਨਿਤਰੀ ਹੋਈ ਹੈ ਅਤੇ ਹੋਰ ਇਹ ਕਿ ਆਤਮਾ ਦੀ ਨਿਤਰੀ ਹੋਈ ਚਮਕਦਾਰ ਸਥਿਤੀ ਦੀ ਵਿਸ਼ਾਲਤਾ ਵਿਚੋਂ ਇਹ ਵਿਆਪਕਤਾ ਉਜਾਗਰ ਹੁੰਦੀ ਹੈ, ਜੋ ਘਣੀ ਪ੍ਰਕਾਰ ਦੇ ਝਗੜਿਆਂ ਦਾ ਸਰਵਮਾਨੀ ਨਮੂਨਾ ਹੈ। ਅਛਾਈ ਦੀਆਂ ਸ਼ਕਤੀਆਂ ਅਤੇ ਬੁਰਾਈ ਦੀਆਂ ਸ਼ਕਤੀਆਂ ਦੈਵੀ ਅਤੇ ਦਾਨਵੀ ਸ਼ਕਤੀਆਂ ਦੇ ਵਿਚ ਘੋਰ ਸੰਘਰਸ਼ ਹੈ, ਸ਼ਾਂਤਵਿਕ ਅਤੇ ਰਾਜਸੀ ਮਾਨਸਿਕ ਸਥਿਤੀਆਂ ਵਿਚਕਾਰ ਸੰਘਰਸ਼ ਹੈ, ਸੱਚੇ ਧਰਮ ਦੀ ਵਿਚਾਰਧਾਰਾ ਅਤੇ ਕੁਸਚੇ (ਝੂਠ) ਧਰਮ ਦੀ ਵਿਚਾਰਧਾਰਾ ਵਿਚਕਾਰ ਸੰਘਰਸ਼ ਹੈ, ਖੁਸ਼ੀਆਂ ਦੀ ਅੰਤਿਮ ਸੀਮਾ ਅਤੇ ਪੀੜਾਂ ਦੀ ਆਖਰੀ ਗਤੀ ਤੱਕ ਦਾ ਸੰਘਰਸ਼ ਹੈ, ਭਾਗਾਂ ਦੇ ਜਾਦੂ ਅਤੇ ਦੁਰਭਾਸ਼ਾਂ ਦੀ ਮੰਦਹਾਲੀ, ਆਸ਼ਾ ਦੇ ਚਾਨਣ ਅਤੇ ਨਿਰਾਸ਼ਤਾ ਦੇ ਹਨੇਰੇ ਵਿਚਕਾਰ ਆਦਰਸ਼ਾਂ ਦੀ ਸਰਵ ਉਤਮ ਸ਼ਾਨ ਅਤੇ ਵੱਡੀ ਆਦਰਸ਼ਾਂ ਦੀ ਕਲਿਹਾਣੀ ਜਾਦੂਗਿਰੀ ਵਿਚਕਾਰ ਸੰਘਰਸ਼ ਹੈ।

ਸਾਰੇ ਇਹਨਾਂ ਸੰਘਰਸ਼ਾਂ ਦਾ ਵਿਆਪਕ ਸੰਦੇਸ਼ ਰੌਸ਼ਨੀ ਦੀਆਂ ਸ਼ਕਤੀਆਂ ਹਨੇਰੇ ਦੀਆਂ ਕਸ਼ਤੀਆਂ ਉਤੇ ਅੰਤਿਮ ਜਿੱਤ ਦਾ ਸੰਦੇਸ਼ ਹੈ।

ਆਦਰਸ਼ਾਂ ਦੀ ਸਰਵ ਉਚ ਸ਼ਾਨ ਦੀ ਪ੍ਰਤੀ ਆਦਰਸ਼ਾਂ ਦੇ ਮਾਰੂ ਜਾਦੂ ਉਤੇ ਜਿੱਤ ਦਾ ਸੁਨੇਹਾ ਹੈ। ਜੀਵਨ ਦੇ ਉਚੇ ਆਦਰਸ਼ਾਂ ਨੂੰ ਇਮਤਿਹਾਨ ਅਤੇ ਜਿੱਤ ਹਾਰਾਂ ਦੇ ਪਲਸੇਟਿਆਂ ਵਿਚੋਂ ਦੀ ਭਾਵੇਂ ਜਿਵੇਂ ਕਿਵੇਂ ਵੀ ਲੰਘਣਾ ਪਵੇ, ਹਨੇਰੇ ਸਿਤਮ ਅਤੇ ਨਿਰਾਸ਼ਾ ਦੀਆਂ ਭਾਵੇਂ ਕਿਸੇ ਵੀ ਤਰ੍ਹਾਂ ਦੀਆਂ ਸਥਿਤੀਆਂ ਵਿਚੋਂ ਲੰਘਣਾ ਪਵੇ, ਭਾਵੇਂ ਰਾਹ ਵਿਚ ਕੌੜੀਆਂ ਤੋਂ ਕੌੜੀਆਂ ਔਕੜਾਂ ਦਾ ਸਾਹਮਣਾ ਕਿਉਂ ਨਾ ਕਰਨਾ ਪਵੇ, ਪਰ ਇਹਨਾਂ ਸਾਰੇ ਸੰਘਰਸ਼ਾਂ ਵਿਚੋਂ ਲੰਘ ਕੇ ਫਿਰ ਆਨੰਦ ਪ੍ਰਾਪਤ ਹੁੰਦਾ ਹੈ।

ਆਖਿਰ ਜਿੱਤ ਆਨੰਦ ਦੀ ਹੁੰਦੀ ਹੈ, ਇਸ ਲਈ ਜੀਵਨ ਦੇ ਉਚੇ ਤੋਂ ਉਚੇ ਆਦਰਸ਼ਾਂ ਨਾ ਕੇਵਲ ਬੇਨਜ਼ੀਰ ਸੁੰਦਰਤਾ ਦੇ ਪਾਤਰ ਹਨ, ਮਾ ਹਿਰਦੇ ਦੀਆਂ ਡੂੰਘੀਆਂ ਭਾਵਨਾਵਾਂ ਅਤੇ ਸੁਪਨੇ ਹਨ, ਪਰ ਇਹ ਸਮੁੱਚੀ ਸ੍ਰਿਸ਼ਟੀ ਦੇ ਅਤਰ ਰਾਹ ਵਿਖਾਊ ਤਾਰੇ ਹਨ, ਭਾਵੇਂ ਇਹਨਾਂ ਦੀ ਛੋਅ ਬੱਦਲਾਂ ਦੀ ਪ੍ਰਾਪਤੀ ਹੁੰਦੀ ਰਹਿੰਦੀ ਹੋਵੇ। ਜੀਵਨ ਗਤੀ ਮਨੁੱਖ ਗਤੀ ਹੈ ਤੇ ਇਹ ਪੱਕੇ ਤੇ ਅਮਰ ਮੀਲ ਪੱਥਰ ਲੱਗੇ ਹੋਏ ਹਨ, ਭਾਵੇਂ ਇਹ ਕਿੰਨੇ ਵੀ ਕਠੋਰ ਅਤੇ ਦਿਲ ਤੋੜ ਹੋਣ। ਇਹ ਗੱਲ ਯਕੀਨੀ ਹੈ ਕਿ ਬਾਲਮੀਕ ਜੀ ਦਾ ਇਹ ਵਿਆਪਕ ਸੰਦੇਸ਼ ਦੁੱਖਾਂ ਅਤੇ ਨਿਰਾਸ਼ਾ ਕਾਰਨ ਗੰਦਾ ਹੋਣ ਦੀ ਛੇਤੀ ਸੰਭਾਵਨਾ ਬਣਦੀ ਜਾ ਰਹੀ ਹੈ।




ਮਹਾਂਰਿਸ਼ੀ ਵਾਲਮੀਕ ਸਭਾ (ਯੂ. ਐਸ. ਏ.) ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕਰਦੀ ਹੈ ਕਿ ਨਵੇਂ ਗੁਰੂ ਘਰ ਲਈ ਵੱਧ ਚੜ੍ਹ ਕੇ ਆਪਣੇ ਵਿੱਤ ਅਨੁਸਾਰ ਪਾਰਕਿੰਗ ਲਾਟ ਅਤੇ ਮੰਦਰ ਦੀ ਹੋਰ ਡਿਵੈਲਪਮੈਂਟ ਲਈ ਵੱਧ ਚੜ੍ਹ ਕੇ ਯੋਗਦਾਨ ਪਾਉਣ। ਆਪ ਜੀ ਨੂੰ ਇਸ ਗੱਲ ਦੀ ਵੀ ਖੁਸ਼ੀ ਹੋਵੇਗੀ ਕਿ ਇਸ ਸਾਲ ਤੋਂ ਭਗਵਾਨ ਵਾਲਮੀਕ ਜੀ ਦਾ ਪ੍ਰਕਾਸ਼ ਉਤਸਵ ਇਸੇ ਟੈਂਪਲ ਵਿਖੇ ਮਨਾਇਆ ਜਾਵੇਗਾ।

ਹੋਰ ਜਾਣਕਾਰੀ ਲਈ ਸੰਪਰਕ ਕਰੋ-

ਪ੍ਰੇਮ ਸੌਧੀ 530-751-3887, ਸੋਹਣ ਲਾਲ ਸਹੋਤਾ (ਬੀ. ਡੀ. ਓ.) 530-674- 9766

# ਪਿੱਪਲੀ ਦੀ ਠੰਢੀ-ਠੰਢੀ ਛਾਂ ਵਰਗੀ.



ਗੁਰਦੀਸ਼ ਕੌਰ ਗਰੇਵਾਲ
604-496-4967 (ਸਰੀ)

ਜਦੋਂ ਕਦੇ ਮੈ ਪੇਕਿਆਂ ਵਲ ਕਿਸੇ ਵਿਆਹ ਤੇ ਜਾਂਦੀ ਤਾਂ ਗਿੱਧੇ ਵਿੱਚ ਕੁੜੀਆਂ ਅਕਸਰ ਹੀ ਨੂੰਹ-ਸੱਸ ਦੇ ਕੌੜੇ ਰਿਸ਼ਤੇ ਬਾਰੇ ਲੋਕ-ਬੋਲੀਆਂ ਪਾ ਕੇ ਨੱਚਦੀਆਂ, ਤਾਂ ਮੈ ਪਿਛੋਂ ਇਹ ਬੋਲੀ ਜਰੂਰ ਪਾ ਦਿੰਦੀ-

ਪਿੱਪਲੀ ਦੀ ਠੰਢੀ-ਠੰਢੀ ਛਾਂ ਵਰਗੀ-
ਮੇਰੀ ਸੱਸ ਮੈਨੂੰ ਲੱਗੇ ਮੇਰੀ ਮਾਂ ਵਰਗੀ..."

ਤਾਂ ਮੇਰੀਆਂ ਭੈਣਾਂ ਤੇ ਸਹੇਲੀਆਂ ਮੈਨੂੰ ਛੇੜਨ ਲੱਗ ਜਾਂਦੀਆਂ- 'ਭਾਈ, ਇਹਨੂੰ ਤਾਂ ਚੰਗੀ ਸੱਸ ਮਿਲੀ ਲਗਦੀ ਆ' ਅਤੇ ਨਾਲ ਹੀ ਆਪੋ-ਆਪਣੀ ਸੱਸ ਦੇ ਕਿੱਸੇ ਛੇੜ ਦੇਂਦੀਆਂ।


ਨੂੰਹ-ਸੱਸ ਦਾ ਰਿਸ਼ਤਾ ਮੁੱਢ-ਕਦੀਮਾਂ ਤੋਂ ਕੁ-ੜੱਤਣ ਭਰਿਆ ਰਿਹਾ ਹੈ। ਪੁਰਾਣੇ ਜ਼ਮਾਨੇ ਵਿੱਚ ਸੱਸ ਆਪਣੇ ਰਾਜ ਵਿੱਚ ਨੂੰਹ ਤੇ ਪੂਰਾ ਰੋਹਬ ਰੱਖਦੀ ਤੇ ਗੱਲ-ਗੱਲ ਤੇ ਟੋਕਦੀ। ਨੂੰਹ ਨੂੰ ਆਪਣੀ ਮਰਜ਼ੀ ਦਾ ਖਾਣ-ਪਹਿਨਣ ਜਾਂ ਬਾਹਰ ਜਾਣ ਦੀ ਅਜ਼ਾਦੀ ਨਹੀਂ ਸੀ ਹੁੰਦੀ। ਸ਼ਾਇਦ ਇਹਨਾਂ ਹਾਲਾਤਾਂ ਵਿਚੋਂ ਹੀ ਕੁਝ ਲੋਕ-ਬੋਲੀਆਂ ਨੇ ਜਨਮ ਲਿਆ ਹੋਏਗਾ - ਜਿਨ੍ਹਾਂ ਰਾਹੀਂ ਨੂੰਹ ਪੇਕੇ ਆ ਕੇ ਤੀਆਂ ਜਾਂ ਵਿਆਹ-ਸ਼ਾਦੀਆਂ ਤੇ ਸੱਸ ਨੂੰ ਕੁਝ ਤਾਅਨੇ ਦੇ ਕੇ ਦਿਲ ਦੀ ਭੜਾਸ ਕੱਢ ਲੈਂਦੀ- ਜਿਵੇਂ..'ਨਿੰਮ ਦਾ ਘੜਾ ਦੇ ਘੋਟਣਾ, ਸੱਸ ਕੁੱਟਣੀ ਸੰਦੂਕਾਂ ਉਹਲੇ'

ਜਾਂ

'ਸੱਸਾਂ ਸੱਸਾਂ ਹਰ ਕੋਈ ਕਹਿੰਦਾ, ਸੱਸਾਂ ਕਿਸ ਬਣਾਈਆਂ,
ਸੱਚੇ ਸਤਿਗੁਰ ਨੇ, ਮਗਰ ਚੜੇਲਾਂ ਲਾਈਆਂ' ਆਦਿ।

ਅਤੇ ਫੇਰ ਜਦੋਂ ਸਾਰੀ ਜ਼ਿੰਦਗੀ ਦੀ ਭਰੀ ਪੀਤੀ ਨੂੰਹ ਦੀ ਸੱਸ ਬਣਨ ਦੀ ਵਾਰੀ ਆਉਂਦੀ ਤਾਂ ਉਹ ਆਪਣੀ ਸੱਸ ਦੇ ਵਤੀਰੇ ਦਾ ਬਦਲਾ ਆਪਣੀ ਨੂੰਹ ਤੋਂ ਲੈਣ ਲੱਗ ਜਾਂਦੀ। ਪਰ ਅੱਜ ਜ਼ਮਾਨਾ ਬਦਲ ਗਿਆ ਹੈ। ਅੱਜ ਦੀ ਔਰਤ ਪੜ੍ਹੀ ਲਿਖੀ ਹੈ- ਉਹ ਮਰਦ ਦੇ ਬਰਾਬਰ ਕਮਾਉਂਦੀ ਹੈ- ਘਰੋਂ ਬਾਹਰ ਜਾਂਦੀ ਹੈ ਤੇ ਸਮਾਜ ਵਿਚ ਵਿਚਰਦੀ ਹੈ। ਭਾਵੇਂ ਮਰਦ ਨੇ ਅਜੇ ਤੱਕ ਉਸ ਨੂੰ ਬਰਾਬਰ ਦਾ ਰੁਤਬਾ ਤਾਂ ਨਹੀ ਪ੍ਰਦਾਨ ਕੀਤਾ- ਪਰ ਕਨੂੰਨ ਉਸ ਦੇ ਹੱਕ 'ਚ ਬਣ ਗਏ ਹਨ। ਬੜੀ ਵਾਰੀ ਵੇਖਣ ਵਿੱਚ ਆਇਆ ਹੈ ਕਿ ਉਹ ਆਪਣੀ ਇਸ ਆਜ਼ਾਦੀ ਤੇ ਹੱਕ 'ਚ ਬਣੇ ਕਨੂੰਨਾਂ ਦਾ ਕਈ ਥਾਈਂ ਨਜ਼ਾਇਜ਼ ਫਾਇਦਾ ਉਠਾ ਕੇ ਉਲਟਾ ਸੱਸ ਦੀ ਸੱਸ ਬਣ ਗਈ ਹੈ। ਮੇਰੇ ਕੋਲ ਬਹੁਤ ਸਾਰੇ ਘਰਾਂ ਦੀਆਂ ਮਿਸਾਲਾਂ ਹਨ ਜਿੱਥੇ ਸੱਸਾਂ ਨੂੰਹਾਂ ਤੋਂ ਡਰਦੀਆਂ ਹਨ। ਕਈ ਘਰਾਂ ਵਿੱਚ ਤਾਂ ਅੱਜਕਲ ਨੂੰਹਾਂ ਨੇ ਆਪਣੀਆਂ ਮਨ-ਮਾਨੀਆਂ ਕਰਨ ਲਈ ਸੱਸ-ਸਹੁਰੇ ਤੇ ਝੂਠੇ ਇਲਜ਼ਾਮ ਲਾ ਕੇ ਕੇਸ ਵੀ ਕੀਤੇ ਹੋਏ ਹਨ। ਤਾਂ ਫਿਰ ਤੁਸੀਂ ਆਪ ਹੀ ਦੱਸੋ ਕਿ ਇਸ ਹਾਲਾਤ ਵਿਚ ਸੱਸ ਵਿਚਾਰੀ ਵੀ ਕਰੇ- ਤਾਂ ਕੀ ਕਰੇ?

ਹੁਣ ਸੁਆਲ ਇਹ ਪੈਦਾ ਹੁੰਦਾ ਹੈ ਕਿ ਸੱਸ-ਨੂੰਹ ਦੇ ਇਸ ਰਿਸ਼ਤੇ ਵਿੱਚ ਮਿਠਾਸ ਕਿਵੇਂ ਲਿਆਂਦੀ ਜਾਏ? ਇਸ ਵਿੱਚ ਸਭ ਤੋਂ ਵੱਡਾ ਰੋਲ ਧੀ ਦੀ ਮਾਂ ਦਾ ਹੋ ਸਕਦਾ ਹੈ। ਜਦੋਂ ਧੀ ਕੋਲੋਂ ਕੋਈ ਗਲਤੀ ਹੋ ਜਾਂਦੀ ਹੈ ਤਾਂ ਅਕਸਰ ਮਾਂ ਝੱਟ ਹੀ ਕਹਿ ਦਿੰਦੀ ਹੈ- ਉਜੇਕਰ ਸਹੁਰੇ ਜਾ ਕੇ ਇਵੇਂ ਕੀਤਾ ਤਾਂ ਤੇਰੀ ਸੱਸ ਤੈਨੂੰ ਪਤਾ ਦੱਸੂ"- ਸੋ ਇਸ ਤਰਾਂ ਬੱਚੀ ਦੇ ਮਨ ਵਿਚ ਸੱਸ ਪ੍ਰਤੀ ਨਫਰਤ ਦਾ ਬੀਜ ਮੁੱਢ ਤੋਂ ਹੀ ਬੀਜ ਦਿੱਤਾ ਜਾਂਦਾ ਹੈ। ਇਸ ਦੇ ਉਲਟ ਜੇਕਰ ਮਾਂ ਜਵਾਨ ਹੋ ਰਹੀ ਧੀ ਨੂੰ ਇਹ ਸਮਝਾਵੇ ਕਿ- "ਜਦੋਂ ਤੂੰ ਵਿਆਹ ਕਰਵਾ ਕੇ ਦੂਸਰੇ ਘਰ ਜਾਏਂਗੀ ਤਾਂ ਉਥੇ ਵੀ ਮੇਰੇ ਵਰਗੀ ਤੇਰੀ ਇਕ ਮਾਂ ਹੋਏਗੀ, ਤੂੰ ਉਸ ਨੂੰ ਮੇਰੇ ਵਾਂਗ ਹੀ ਪਿਆਰ ਕਰਨਾ ਹੈ, ਉਸ ਦਾ ਪੂਰਾ ਆਦਰ-ਮਾਣ ਕਰਨਾ ਹੈ, ਉਸ ਮਾਂ ਨੇ ਪਾਲ -ਪੋਸ ਕੇ, ਜਵਾਨ ਕਰਕੇ, ਪੜ੍ਹਾ- ਲਿਖਾ ਕੇ ਆਪਣਾ ਪੁੱਤਰ ਤੈਨੂੰ ਸੌਂਪਣਾ ਹੈ, ਜੇਕਰ ਉਹ ਮਾਂ ਕਿਸੇ ਗੱਲ ਤੋਂ ਟੋਕੇ ਤਾਂ ਗੁੱਸਾ ਨਹੀਂ ਕਰਨਾਂ, ਮੈ ਵੀ ਤਾਂ ਤੈਨੂੰ ਸਮਝਾਉਣ ਲਈ ਬਹੁਤ ਵਾਰੀ ਟੋਕਦੀ ਹੀ ਹਾਂ ਨਾ, ਪਤੀ ਦਾ ਪਰਿਵਾਰ ਹੀ ਤੇਰਾ ਆਪਣਾ ਅਸਲੀ ਪਰਿਵਾਰ ਹੋਏਗਾ, ਤੂੰ ਉਸ ਘਰ ਦੀ ਇੱਜ਼ਤ ਬਣ ਕੇ ਜਾਣਾ ਹੈ ਅਤੇ ਤੂੰ ਇਸ ਪਰਿਵਾਰ ਤੋਂ ਉਸ ਪਰਿਵਾਰ ਨੂੰ ਹਮੇਸ਼ਾ ਵੱਧ ਤਰਜੀਹ ਦੇਣੀ ਹੈ- ਆਦਿ- ਆਦਿ..." ਤਾਂ ਇਸ ਤਰਾਂ ਇਕ ਤਾਂ ਧੀ ਦੇ ਮਨ ਚੋਂ ਸੱਸ ਦਾ ਡਰ ਵੀ ਨਿੱਕਲ ਜਾਏਗਾ ਤੇ ਦੂਸਰਾ ਉਸ ਪ੍ਰਤੀ ਇੱਜ਼ਤ ਅਤੇ ਪਿਆਰ ਦੀ ਭਾਵਨਾਂ ਵੀ ਪੈਦਾ ਹੋਏਗੀ ਅਤੇ ਉਹ ਚਾਂਈ-ਚਾਂਈ ਸਭ ਨੂੰ ਅਪਣਾ ਲਵੇਗੀ।



ਮਾਂ ਤੇ ਧੀ

ਸੱਸਾਂ ਨੂੰ ਵੀ ਇਹ ਸੋਚਣਾ ਚਾਹੀਦਾ ਹੈ ਕਿ ਇਕ ਲੜਕੀ ਆਪਣਾ ਸਾਰਾ ਪਰਿਵਾਰ - ਭੈਣ-ਭਰਾ, ਮਾਂ-ਬਾਪ- ਛੱਡ ਕੇ ਇਕ ਦਮ ਨਵੇਂ ਮਹੌਲ ਵਿੱਚ ਆਈ ਹੈ, ਸੋ ਉਸ ਨੂੰ ਵੱਧ ਪਿਆਰ ਦੀ ਜ਼ਰੂਰਤ ਹੈ ਤੇ ਫਿਰ ਉਸ ਨੂੰ ਪਰਿਵਾਰ ਵਿੱਚ ਐਡਜਸਟ ਹੋਣ ਵਿੱਚ ਕੁਝ ਕੁ ਵਕਤ ਤਾਂ ਲਗੇਗਾ ਹੀ ਨਾ। ਉਸ ਲਈ ਸਭ ਕੁਝ ਵੱਖਰਾ ਹੈ, ਉਹ ਹੌਲੀ -ਹੌਲੀ ਨਵੇਂ ਪਰਿਵਾਰ ਦੇ ਤੌਰ-ਤਰੀਕੇ ਸਮਝ ਜਾਏਗੀ। ਜੇਕਰ ਉਸ ਕੋਲੋਂ ਕੋਈ ਗਲਤੀ ਵੀ ਹੋ ਜਾਵੇ ਤਾਂ ਸੱਸ ਨੂੰ ਸੋਚਣਾ ਚਾਹੀਦਾ ਹੈ ਕਿ- ਕੀ ਉਸ ਦੀ ਆਪਣੀ ਧੀ ਨੇ ਕਦੇ ਕੋਈ ਗਲਤੀ ਨਹੀਂ ਸੀ ਕੀਤੀ? ਤੇ ਫਿਰ ਜਿਵੇਂ ਉਸ ਨੂੰ ਸਮਝਾਉਂਦੀ ਸੀ ਉਵੇਂ ਹੀ ਨੂੰਹ ਨੂੰ ਵੀ ਸਮਝਾ ਲਵੇ।

ਅੱਜਕਲ ਕੁੜੀਆਂ ਉੱਚੀ ਸਿੱਖਿਆ ਪ੍ਰਾਪਤ ਕਰਨ ਲਈ ਜਿਆਦਾ ਤਰ ਹੋਸਟਲਾਂ ਜਾਂ ਪੀ.ਜੀ. ਵਿੱਚ ਰਹਿੰਦੀਆ ਹਨ, ਇਸ ਲਈ ਉਹ ਰਸੋਈ ਸਿੱਖਿਆ ਤੋਂ ਅਕਸਰ ਵਾਂਝੀਆਂ ਰਹਿ ਜਾਂਦੀਆਂ ਹਨ, ਪਰ ਉਹਨਾਂ ਦੇ ਦਿਮਾਗ ਕੰਪਿਊਟਰ ਵਾਂਗ ਚਲਦੇ ਹਨ। ਸੋ ਜੇਕਰ ਉਹ ਘਰੇਲੂ ਕੰਮਾਂ ਵਿੱਚ ਮਾਹਰ ਨਾ ਵੀ ਹੋਣ ਤਾਂ ਸੱਸ ਉਸ ਨੂੰ ਸਹਿਯੋਗ ਦੇ ਕੇ ਧੀਆਂ ਵਾਂਗ ਹੀ ਸਾਰਾ ਕੰਮ ਸਿਖਾ ਸਕਦੀ ਹੈ- ਉਹ ਬਾਹਰ ਦੇ ਕੰਮਾਂ ਵਿੱਚ ਨਿਪੁੰਨ ਵੀ ਤਾਂ ਹੈ ਨਾ- ਨੌਕਰੀ ਕਰ ਕੇ ਘਰ ਦੀ ਆਮਦਨ ਵਿੱਚ ਵਾਧਾ ਵੀ ਤਾਂ ਕਰ ਰਹੀ ਹੈ - ਜਿਉਂ-ਜਿਉਂ ਘਰ ਦੀ ਜਿੰਮੇਵਾਰੀ ਪਏਗੀ ਤਾਂ ਆਪੇ ਹੌਲੀ ਹੌਲੀ ਸਿੱਖ ਜਾਏਗੀ- ਮਾਂ ਦੇ ਘਰੋਂ ਟਿਫਨ ਥੋੜ੍ਹਾ ਮੰਗਵਾਏਗੀ?

ਅੱਜਕਲ ਕੁੜੀਆਂ ਆਜ਼ਾਦੀ ਪਸੰਦ ਕਰਦੀਆਂ ਹਨ। ਸੋ ਸੱਸ ਨੂੰ ਚਾਹੀਦਾ ਹੈ ਕਿ ਉਹ ਮੀਆਂ-ਬੀਵੀ ਦੇ ਕਿਧਰੇ ਜਾਣ-ਆਉਣ ਤੇ ਇਤਰਾਜ਼ ਜ਼ਾਹਰ ਨਾ ਕਰੇ, ਸਗੋਂ ਆਪ ਹੀ ਸ਼ੁਰੂ ਵਿੱਚ ਉਹਨਾਂ ਨੂੰ ਵੱਧ ਤੋਂ ਵੱਧ ਸਮਾਂ ਇਕੱਠੇ ਬਿਤਾਉਂਣ ਦੇਵੇ ਤਾਂ ਕਿ ਉਹ ਇਕ ਦੂਜੇ ਨੂੰ ਪੂਰੀ ਤਰਾਂ ਸਮਝ ਲੈਣ। ਨੂੰਹ ਦੇ ਰਿਸ਼ਤੇਦਾਰਾਂ ਦਾ ਪੂਰਾ ਮਾਣ ਕਰੇ, ਨੂੰਹ ਤੇ ਧੀ ਵਿੱਚ ਜਰਾ ਵੀ ਫ਼ਰਕ ਨਾਂ ਕਰੇ। ਜੇਕਰ ਮੀਆਂ-ਬੀਵੀ ਦੀ ਕਿਸੇ ਗੱਲ ਤੇ ਬਹਿਸ ਹੋ ਜਾਵੇ ਤਾਂ ਨੂੰਹ ਦਾ ਪੱਖ ਲਵੇ- ਪੁੱਤਰ ਦਾ ਪੱਖ ਪੂਰ ਕੇ ਨੂੰਹ ਦੇ ਮਨ ਵਿੱਚ ਨਫਰਤ ਦਾ ਬੀਜ ਨਾ ਬੀਜੇ। ਜੇਕਰ ਸੱਸ ਆਪਣੀ ਨੂੰਹ ਨੂੰ ਪੁੱਤਰ ਤੋਂ ਵੱਧ ਪਿਆਰ ਕਰੇ ਤਾਂ ਕੋਈ ਕਾਰਣ ਨਹੀਂ ਕਿ ਨੂੰਹ ਉਸ ਨੂੰ ਬਣਦਾ ਸਤਿਕਾਰ ਨਾ ਦੇਵੇ।

ਨੂੰਹ ਸੱਸ ਦੇ ਰਿਸ਼ਤੇ ਨੂੰ ਕੌੜਾ-ਮਿੱਠਾ ਬਨਾਉਂਣ ਵਿੱਚ ਮੋਬਾਇਲ ਕਲਚਰ ਦਾ ਬੜਾ ਵੱਡਾ ਰੋਲ ਹੈ। ਇਸ ਕਲਚਰ ਨੇ ਪਰਿਵਾਰਾਂ ਵਿੱਚ ਤਰੇੜਾਂ ਵਧਾ ਦਿੱਤੀਆਂ ਹਨ। ਮਾਪਿਆਂ ਦੀ ਲਾਡਲੀ ਜਦੋਂ ਸਹੁਰੇ ਘਰ ਜਾਂਦੀ ਹੈ ਤਾਂ ਮਾਂ ਵੀ ਲਾਡ ਨਾਲ ਕਹਿ ਦੇਂਦੀ ਹੈ- ਉਧੀਏ, ਸਾਨੂੰ ਹਰ ਰੋਜ਼ ਫੋਨ ਕਰਕੇ ਸਹੁਰਿਆਂ ਦਾ ਹਾਲ ਦੱਸਦੀ ਰਹੀਂ"- ਤੇ ਮੋਬਾਇਲ ਤਾਂ ਹਰੇਕ ਲੜਕੀ ਕੋਲ ਹੁੰਦਾ ਹੀ ਹੈ- ਜੋ ਸਹੁਰਿਆਂ ਦੀ ਹਰ ਛੋਟੀ-ਵੱਡੀ ਗੱਲ ਪੇਕਿਆਂ ਤੱਕ ਪੁਚਾਈ ਜਾਂਦਾ ਹੈ ਅਤੇ ਫਿਰ ਹਰ ਰੋਜ਼ ਮਾਂ ਵੀ ਯੋਗ ਮਸ਼ਵਰਾ ਦੇਣੋਂ ਰਹਿ ਨਹੀਂ ਸਕਦੀ ਵਿਚਾਰੀ। ਉਹ ਭੁੱਲ ਜਾਂਦੀ ਹੈ ਕਿ ਉਸ ਨੂੰ ਵਿਆਹ ਤੋਂ ਬਾਅਦ ਧੀ ਦੇ ਸਹੁਰੇ ਘਰ ਵਿੱਚ ਦਖਲ-ਅੰਦਾਜ਼ੀ ਨਹੀਂ ਕਰਨੀ ਚਾਹੀਦੀ, ਇਹ ਉਸ ਦੀ ਧੀ ਦੇ ਹਿੱਤ ਵਿੱਚ ਹੈ। ਛੋਟੀ-ਛੋਟੀ ਨੋਕ -ਝੋਕ ਹਰ ਘਰ ਵਿੱਚ ਹੁੰਦੀ ਹੈ- ਉਸ ਨੂੰ ਪਹਾੜ ਬਣਾ ਦਿੱਤਾ ਜਾਂਦਾ ਹੈ ਅਤੇ ਉਹ ਸਹੁਰੇ ਪਰਿਵਾਰ ਵਿੱਚ ਐਡਜਸਟ ਹੋਣ ਦੀ ਬਜਾਏ, ਮਾਂ ਦੀ ਗਲਤ ਸਿੱਖਿਆ ਕਾਰਨ ਆਪਣਾ ਘਰ ਆਪਣੇ ਹੱਥੀਂ ਉਜਾੜ ਬੈਠਦੀ ਹੈ।

ਲੜਕੀ ਨੂੰ ਹਮੇਸ਼ਾ ਇਹ ਦਿਮਾਗ ਵਿੱਚ ਰੱਖਣਾ ਚਾਹੀਦਾ ਹੈ ਕਿ ਵਿਆਹੀ ਲੜਕੀ ਦੀ ਪੇਕੇ ਘਰ ਵਿੱਚ ਉਹ ਇੱਜ਼ਤ ਨਹੀਂ ਹੁੰਦੀ ਜੋ ਸਹੁਰੇ ਘਰ ਹੁੰਦੀ ਹੈ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਕਈ ਲੜਕੀਆਂ ਦੋਹਾਂ ਪਰਿਵਾਰਾਂ ਤੋਂ ਨਿਰਾਸ਼ ਹੋ ਕੇ ਇਕੱਲ ਦਾ ਜੀਵਨ ਬਤੀਤ ਕਰਨ ਲਈ ਮਜਬੂਰ ਹੋ ਜਾਂਦੀਆਂ ਹਨ ਅਤੇ ਸਾਰੀ ਉਮਰ ਲਈ ਪਰਿਵਾਰ ਦੇ ਸੁੱਖ ਤੋਂ ਵਾਂਝੀਆਂ ਹੋ ਜਾਂਦੀਆਂ ਹਨ।

ਹਰ ਲੜਕੀ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਸਹੁਰਾ ਪਰਿਵਾਰ ਉਸ ਦਾ ਆਪਣਾ ਪਰਿਵਾਰ ਹੈ। ਇਸ ਲਈ ਉਹ ਸੱਸ-ਸਹੁਰੇ ਨੂੰ ਮਾਂ-ਬਾਪ ਦਾ ਦਰਜਾ ਦੇਵੇ ਅਤੇ ਪਤੀ ਦੇ ਭੈਣ-ਭਰਾਵਾਂ ਨੂੰ ਆਪਣੇ ਸਮਝੇ ਅਤੇ ਹਰ ਦੁੱਖ - ਸੁੱਖ ਵਿੱਚ ਪਰਿਵਾਰ ਦਾ ਸਾਥ ਦੇਵੇ। ਘਰ ਦਾ ਹਰ ਮਸਲਾ ਮੀਆਂ-ਬੀਵੀ ਖ਼ੁਦ ਹਲ ਕਰਨ, ਇਕ ਦੂਜੇ ਤੇ ਪੂਰਾ ਭਰੋਸਾ ਕਰਨ, ਹਰ ਗੱਲ ਵਿੱਚ ਆਪਣੀ ਮਾਂ ਦੀ ਸਲਾਹ ਨਾ ਲਏ। ਛੋਟੀ-ਛੋਟੀ ਗੱਲ ਵਿੱਚ ਆਪਣੀ ਈਗੋ ਨਾ ਦਿਖਾਵੇ, ਗ੍ਰਹਿਸਤ ਦੀਆਂ ਜ਼ਿੰਮੇਵਾਰੀਆਂ ਤੋਂ ਮੂੰਹ ਨਾ ਮੋੜੇ ਸਗੋਂ ਨਿਭਾਉਣ ਵਿੱਚ ਖੁਸ਼ੀ ਮਹਿਸੂਸ ਕਰੇ। ਇਹ ਗੱਲ ਵੀ ਆਪਣੇ ਦਿਮਾਗ ਵਿੱਚ ਪੱਕੀ ਬਿਠਾ ਲਵੇ- ਕਿ ਉਸ ਦਾ ਪਤੀ, ਪਰਿਵਾਰ ਰੂਪੀ ਦਰੱਖਤ ਦਾ ਹੀ ਇਕ ਹਿੱਸਾ ਹੈ, ਇਕ ਟਾਹਣੀ ਹੈ- ਤੇ ਉਹ ਵੀ ਉਸ ਦਰੱਖਤ ਦੀ ਨਵੀਂ ਸ਼ਾਖ ਵਜੋਂ ਉਸ ਪਰਿਵਾਰ ਵਿੱਚ ਆਈ ਹੈ ਅਤੇ ਜੇਕਰ ਉਹ ਆਪਣੇ ਪਤੀ ਨੂੰ ਉਸ ਦਰੱਖਤ ਨਾਲੋਂ ਕੱਟ ਦੇਵੇਗੀ ਤਾਂ ਉਸ ਦੇ ਜ਼ਖਮਾਂ ਦਾ ਦਰਦ ਉਸ ਨੂੰ ਵੀ ਹੋਏਗਾ- ਤੇ ਫਿਰ ਉਹ ਟਾਹਣੀ ਭਲਾ ਕਿੰਨਾ ਕੁ ਚਿਰ ਹਰੀ ਰਹਿ ਸਕੇਗੀ? ਤੇ ਫਿਰ ਉਸ ਟਾਹਣੀ ਤੇ ਹੀ ਤਾਂ ਉਸ ਦੇ ਬੱਚੇ ਫੁੱਲਾਂ ਤੇ ਫਲਾਂ ਦੇ ਰੂਪ ਵਿੱਚ ਆਉਣੇ ਹਨ- ਤੇ ਕੀ ਜੜ੍ਹ ਤੋਂ ਬਿਨਾਂ ਉਹ ਟਹਿਕ ਸਕਣਗੇ?

ਨੂੰਹ- ਸੱਸ ਦੇ ਰਿਸ਼ਤੇ ਵਿੱਚ ਮਿਠਾਸ ਲਿਆਉਣ ਲਈ ਮਰਦਾਂ ਦੇ ਰੋਲ ਨੂੰ ਵੀ ਝੁਠਲਾਇਆ ਨਹੀਂ ਜਾ ਸਕਦਾ। ਮੇਰੀ ਮੁਰਾਦ ਸਹੁਰਾ ਅਤੇ ਪਤੀ ਦੋਹਾਂ ਤੋਂ ਹੈ। ਜੇਕਰ ਸੱਸ ਲੋੜ ਤੋਂ ਜਿਆਦਾ ਟੋਕਾ- ਟਾਕੀ ਕਰਦੀ ਹੈ ਤਾਂ ਸਹੁਰਾ ਉਸ ਨੂੰ ਸਮਝਾਵੇ, ਪਰ ਜੇਕਰ ਨੂੰਹ ਦੀ ਜ਼ਿਆਦਤੀ ਹੈ ਤਾਂ ਉਸ ਦਾ ਪਤੀ ਉਸ ਨੂੰ ਗਲਤੀ ਦਾ ਅਹਿਸਾਸ ਕਰਾਵੇ। ਵੈਸੇ ਬਹੁਤੇ ਘਰਾਂ ਵਿੱਚ, ਨੂੰਹ ਸੱਸ ਦੀ ਲੜਾਈ ਵਿੱਚ- ਪਤੀ ਦੀ ਹਾਲਤ ਤਾਂ ਦੋ ਪੁੜਾਂ ਵਿਚਾਲੇ ਪਿਸਣ ਵਾਲੀ ਹੋ ਜਾਂਦੀ ਹੈ। ਪਰ ਉਸ ਨੂੰ ਵਿਆਹ ਤੋਂ ਬਾਅਦ, ਇਕ ਦਮ ਪਤਨੀ ਵੱਲ ਉਲਾਰ ਹੋ ਕੇ, ਮਾਂ ਨੂੰ ਅਣਗੌਲਿਆ ਨਹੀਂ ਕਰਨਾ ਚਾਹੀਦਾ। ਪਤਨੀ ਨੂੰ ਪਿਆਰ ਵੀ ਦੇਵੇ ਪਰ ਨਾਲ ਹੀ ਮਾਂ ਨੂੰ ਵੀ ਬਣਦਾ ਸਤਿਕਾਰ ਦੇਵੇ। ਦੋਹਾਂ ਵਿੱਚ ਸੰਤੁਲਨ ਰੱਖ ਕੇ ਹੀ, ਉਹ ਪਰਿਵਾਰਕ ਖੁਸ਼ੀਆਂ ਬਰਕਰਾਰ ਰੱਖ ਸਕਦਾ ਹੈ।

ਮੁੱਕਦੀ ਗੱਲ ਤਾਂ ਇਹ ਹੈ ਕਿ ਮਾਵਾਂ ਧੀਆਂ ਨੂੰ ਸਹੁਰੇ ਪਰਿਵਾਰ ਵਿੱਚ ਐਡਜਸਟ ਹੋਣ ਦੀ ਸਿਖਿਆ ਦੇਣ, ਸੱਸ ਵੀ ਨੂੰਹ ਨੂੰ ਧੀਆਂ ਵਾਲਾ ਪਿਆਰ ਦੇਕੇ ਅਪਣਾਵੇ, ਮਰਦ ਵੀ ਬੀਵੀ ਅਤੇ ਮਾਂ ਦੋਹਾਂ ਨੂੰ ਬਣਦਾ ਸਤਿਕਾਰ ਦੇਵੇ, ਪਰ ਨੂੰਹ ਵੀ ਆਪਣੀ ਅਜ਼ਾਦੀ ਅਤੇ ਆਪਣੇ ਹੱਕ 'ਚ ਬਣੇ ਕਨੂੰਨਾਂ ਦਾ ਨਜ਼ਾਇਜ਼ ਫਾਇਦਾ ਨਾ ਉਠਾਵੇ, ਸਹੁਰੇ ਪਰਿਵਾਰ ਦਾ ਪੂਰਾ ਸਤਿਕਾਰ ਕਰੇ ਅਤੇ ਜਿਸ ਬਾਗ ਦੀ ਸ਼ਾਨ ਵਧਾਉਣ ਲਈ ਉਹ ਆਈ ਹੈ- ਉਸ ਵਿੱਚ ਆਪਣੇ ਗੁਣਾਂ ਦੀ ਖੁਸ਼ਬੂ ਫੈਲਾ ਕੇ ਉਸ ਦੀ ਸ਼ਾਨ ਨੂੰ ਚਾਰ-ਚੰਨ ਲਾਉਣ ਵਿੱਚ ਕੋਈ ਕਸਰ ਨਾ ਛੱਡੇ, ਤੇ ਫੇਰ ਜਿਥੇ ਨੂੰਹ-ਸੱਸ ਦਾ ਰਿਸ਼ਤਾ, ਮਾਵਾਂ-ਧੀਆਂ ਵਾਲਾ ਹੋ ਜਾਵੇ ਤਾਂ ਕੋਈ ਕਾਰਨ ਨਹੀਂ ਕਿ ਉਸ ਪਰਿਵਾਰ ਵਿੱਚੋਂ ਸਵਰਗਾਂ ਜਿਹਾ ਅਨੰਦ ਮਹਿਸੂਸ ਨਾ ਹੋਵੇ ਅਤੇ ਫਿਰ ਉਸ ਘਰ ਦੀ ਨੂੰਹ ਦੇ ਮੂੰਹੋਂ ਆਪ ਮੁਹਾਰੇ ਨਿੱਕਲੇ-

ਪਿੱਪਲੀ ਦੀ ਠੰਡੀ-ਠੰਡੀ ਛਾਂ ਵਰਗੀ
ਮੇਰੀ ਸੱਸ ਮੈਨੂੰ ਲੱਗੇ ਮੇਰੀ ਮਾਂ ਵਰਗੀ।"

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਹਿੰਦੁਸਤਾਨ ਦੀ ਆਜ਼ਾਦੀ ਲਈ ਸਿਰਾਂ ਉੱਤੇ ਕੱਫਨ ਬੰਨ੍ਹ ਕੇ ਵਿਦੇਸ਼ਾਂ ਤੋਂ ਤੁਰੇ
ਗ਼ਦਰ ਪਾਰਟੀ ਦੇ ਮਹਾਨ ਬਾਬਿਆਂ ਨੂੰ ਅਸੀਂ ਸ਼ਰਧਾ ਨਾਲ ਸਿਰ ਝੁਕਾਉਂਦੇ ਹਾਂ
100
ਮਹਾਨ ਗ਼ਦਰ ਲਹਿਰ

ਤੇਜ ਪਾਲ ਗੰਗੜ ਮੁਗੋਵਾਲੀਆ
ਦੀ ਸ਼ਤਾਬਦੀ ਮੌਕੇ ਰੋਜ਼ਾਨਾ
'ਨਵਾਂ ਜ਼ਮਾਨਾ' ਵੱਲੋਂ
ਵਿਸ਼ੇਸ਼ ਅੰਕ ਕੱਢਣ ਲਈ
ਹਾਰਦਿਕ
ਸ਼ੁਭ ਕਾਮਨਾਵਾਂ

ਗ਼ਦਰੀ ਬਾਬਾ ਮੰਗੂ ਰਾਮ ਮੁਗੋਵਾਲੀਆ
(14 ਜਨਵਰੀ 1886-22 ਅਪ੍ਰੈਲ 1980)
ਤੇਜ ਪਾਲ ਗੰਗੜ ਮੁਗੋਵਾਲੀਆ ਵੈਨਕੂਵਰ, ਬੀ ਸੀ, ਕੈਨੇਡਾ

ਬੰਦੀ ਛੋੜ ਦਿਵਸ ਤੇ ਯੂਬਾ ਸਿਟੀ ਦੇ 34ਵੇਂ
ਸਾਲਾਨਾ ਮਹਾਨ ਨਗਰ ਕੀਰਤਨ ਦੀਆਂ
ਲੱਖ ਲੱਖ ਵਧਾਈਆਂ

Jasinder
Singh
"Keny" Virk
916-871-2504

### ਸਿਆਸੀ ਸ਼ਰਣ ਵਾਲਿਆਂ ਨੂੰ ਪਾਸਪੋਰਟ ਦਿਤੇ ਜਾਣ ਦਾ ਮਸਲਾ

## ਪਰਧਾਨ ਮੰਤਰੀ ਵਲੋਂ ਮਾਮਲੇ ਤੇ ਗੰਭੀਰਤਾ ਨਾਲ ਵਿਚਾਰ ਕਰਨ ਦਾ ਦਿਵਾਇਆ ਭਰੋਸਾ-ਧੂਤ

ਮਿਲਪੀਟਸ (ਕੈਲੀਫੋਰਨੀਆ) ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਵਲੋਂ ਪਿਛਲੇ ਕਾਫੀ ਲੰਬੇ ਸਮੇਂ ਤੋਂ ਵਿਦੇਸ਼ਾਂ ਵਿਚ ਸਿਆਸੀ ਸ਼ਰਣ ਦਾ ਦਰਜਾ ਲੈ ਕੇ ਰਹਿਣ ਵਾਲੇ ਲੋਕਾਂ ਨੂੰ ਨੇਟਿਵਟੀ ਸਰਟੀ ਫਕੇਟ ਪੇਸ਼ ਕਰਨ ਤੋਂ ਬਾਅਦ ਭਾਰਤੀ ਪਾਸਪੋਰਟ ਦਿਤੇ ਜਾਣ ਲਈ ਅਰੰਭੇ ਗਏ ਜੋਰਦਾਰ ਸੰਘਰਸ਼ ਕਰਨ ਤੋਂ ਬਾਅਦ ਹੁਣ ਪਰਧਾਨ ਮੰਤਰੀ ਦਫਤਰ ਵਲੋਂ ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ ਦੇ ਦਫਤਰ ਨੂੰ ਭੇਜੀ ਗਈ ਜਾਣਕਾਰੀ ਅਨੁਸਾਰ ਪਰਧਾਨ ਮੰਤਰੀ ਵਲੋਂ ਐਸੋਸ਼ੀਏਸ਼ਨ ਦੀ ਇਸ ਮੰਗ ਉਪਰ ਗੰਭੀਰਤਾ ਨਾਲ ਵਿਚਾਰ ਕੀਤਾ ਜਾ ਰਿਹਾ ਹੈ ।ਇਸ ਗਲ ਦੀ ਜਾਣਕਾਰੀ ਦਿੰਦਿਆਂ ਅਜ ਇਥੇ ਐਸੋਸ਼ੀਏਸ਼ਨ ਦੇ ਚੇਅਰਮੈਨ ਸ: ਦਲਵਿੰਦਰ ਸਿੰਘ ਧੂਤ ਨੇ ਦਸਿਆ ਕਿ ਪਰਧਾਨ ਮੰਤਰੀ ਦੇ ਦਫਤਰ ਵਲੋਂ ਪਰਾਪਤ ਹੋਈ ਇਸ ਜਾਣਕਾਰੀ ਤੋਂ ਇਹ ਆਸ ਬਝੀ ਹੈ ਕਿ ਵਿਦੇਸ਼ਾਂ ਵਿਚ ਰਹਿਣ ਵਾਲੇ ਭਾਰਤੀਆਂ ਨੂੰ ਜਿਹਨਾਂ ਨੇ ਸਿਆਸੀ ਸ਼ਰਣ ਦਾ ਦਰਜਾ ਲੈ ਰਖਿਆ ਹੈ ਨੂੰ ਹੁਣ ਪਾਸਪੋਰਟ ਜਾਰੀ ਕਰ ਦਿਤੇ ਜਾਣ ਲਈ ਕੋਈ ਸਰਕਾਰੀ ਹੁਕਮ ਜਲਦੀ ਜਾਰੀ ਹੋ ਜਾਏਗਾ।ਸ: ਧੂਤ ਨੇ ਦਸਿਆ ਕਿ ਜੇਕਰ ਨੇੜੇ ਦੇ ਭਵਿਖ ਵਿਚ ਸਰਕਾਰ ਵਲੋਂ ਅਜਿਹਾ ਕੋਈ ਹੁਕਮ ਜਾਰੀ ਨਾ ਕੀਤਾ ਗਿਆ ਤਾਂ ਐਸੋਸ਼ੀਏਸ਼ਨ ਇਸ ਮਤਲਬ ਦੀ ਪੂਰਤੀ ਲਈ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਖਲ ਕਰਨ ਤੋਂ ਵੀ ਗੁਰੇਜ ਨਹੀਂ ਕਰੇਗੀ।



## ਨਵੰਬਰ ਮਹੀਨੇ ਨੂੰ ਸਿੱਖ ਜਾਗਰੂਕਤਾ ਮਹੀਨੇ ਵਜੋਂ ਮਨਾਵੇਗੀ ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆ

ਫਰਿਜ਼ਨੋ (ਗੁਰਤੇਜ ਸਿੰਘ ਚੀਮਾ)- ਸ੍ਰੀ ਗੁਰੂ ਨਾਨਕ ਦੇਵ ਜੀ ਦੇ 544ਵੇਂ ਪ੍ਰਕਾਸ਼ ਦਿਹਾੜੇ ਨੂੰ ਮਨਾਉਂਦਿਆਂ ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆ ਵੱਲੋਂ ਨਵੰਬਰ ਦਾ ਮਹੀਨਾ ਸਿੱਖ ਜਾਗਰੂਕਤਾ ਮਹੀਨੇ ਵਜੋਂ ਮਨਾਇਆ ਜਾ ਰਿਹਾ ਹੈ। ਇਸ ਲੜੀ ਤਹਿਤ ਕਰੱਦਰਜ਼ ਦੇ ਗੁਰੂ ਘਰ ਵਿਖੇ ਇਕ ਵਿਸ਼ੇਸ਼ ਪ੍ਰੋਗਰਾਮ ਉਲੀਕਿਆ ਗਿਆ ਜੋ 15 ਨਵੰਬਰ ਨੂੰ 2025 ਡਬਲਿਊ ਕਲੈਮਨਕਨ ਐਵੇਨਿਊ, ਕੈਲੀਫਰਨੀਆ ਵਿਖੇ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪ੍ਰਾਰੰਭ ਨਾਲ ਸ਼ੁਰੂ ਹੋਵੇਗਾ।

ਇਸ ਮੌਕੇ ਅਜੋਕੇ ਸਿੱਖਿਆ ਸਿਸਟਮ ਵਿਸ਼ੇਸ਼ ਕਰਕੇ ਕੈਲੀਫੋਰਨੀਆ ਦੇ ਪਬਲਿਕ ਸਕੂਲ ਵਿਸ਼ੇ ਤੇ ਵਿਚਾਰ ਗੋਸ਼ਟੀ ਹੋਵੇਗੀ। ਇਸ ਮੌਕੇ ਵਿਸ਼ੇਸ਼ ਵਿਚਾਰ ਵਟਾਂਦਰਾ 16 ਨਵੰਬਰ ਨੂੰ ਸਵੇਰੇ 11 ਤੋਂ ਦੁਪਹਿਰ 2 ਵਜੇ ਤੱਕ ਕਰਮਨ ਯੂਨੀਫਾਈਡ ਸਕੂਲ ਡਿਸਟ੍ਰਿਕਟ ਵਿਖੇ ਹੋਵੇਗਾ।

ਇਸ ਵਿਸ਼ੇਸ਼ ਪ੍ਰੋਗਰਾਮ ਵਿਚ ਸਿੱਖ ਧਰਮ, ਮਹਾਨ ਗੁਰਬਾਣੀ ਤੇ ਸਿੱਖੀ ਸਿਧਾਂਤਾਂ ਬਾਰੇ ਵੱਧ ਤੋਂ ਵੱਧ ਗੈਰ ਸਿੱਖ ਅਮਰੀਕਨ ਲੋਕਾਂ ਨੂੰ ਜਾਣੂ ਕਰਵਾਉਣ ਦਾ ਉਪਰਾਲਾ ਕੀਤਾ ਜਾਵੇਗਾ। ਇਯ ਦੀ ਜ਼ਰੂਰਤ ਇਸ ਲਈ ਵੀ ਅਹਿਮ ਹੈ ਕਿਉਂਕਿ 100 ਸਾਲਾਂ ਤੋਂ ਵੱਧ ਸਮੇਂ ਤੋਂ ਕੈਲੀਫੋਰਨੀਆ ਅੰਦਰ ਰਹਿਣ ਦੇ ਬਾਵਜੂਦ ਅੱਜ ਵੀ ਆਮ ਤੌਰ ਤੇ ਅਮਰੀਕਨ ਲੋਕਾਂ ਅੰਦਰ ਸਿੱਖਾਂ ਨੂੰ ਲੈ ਕੇ ਕਈ ਕਿਸਮ ਦੇ ਭਰਮ ਭੁਲੇਖੇ ਮੌਜੂਦ ਹਨ। ਅੱਜ ਵੀ ਬਹੁਤੇ ਅਮਰੀਕਨ ਲੋਕ ਸਿੱਖਾਂ ਨੂੰ ਅਰਬੀ ਜਾਂ ਬਿਨ ਲਾਦੇਨ ਦੇ ਨਾਲ ਜੋੜਦੇ ਹਨ। ਹਰ ਰੋਜ਼ ਕਿਤੇ ਨਾ ਕਿਤੇ ਨਸਲਵਾਦੀ ਵਾਰਦਾਤ ਦੇਖਣ-ਸੁਣਨ ਨੂੰ ਮਿਲਦੀ ਹੈ। ਇਸ ਸਬੰਧੀ ਸਕੂਲਾਂ ਤੋਂ ਲੈ ਕੇ ਸਰਕਾਰੀ ਨੁਮ-ਾਇੰਦਿਆਂ ਤੱਕ ਸ. ਪਸ਼ੌਰਾ ਸਿੰਘ ਢਿੱਲੋਂ ਵੱਲੋਂ ਸਿੱਖ ਕੌਂਸਲ ਤੇ ਸਿੱਖ ਸੰਗਤ ਦੇ ਸਹਿਯੋਗ ਨਾਲ ਸੁਹਿਰਦ ਯਤਨ/ਉਪਰਾਲੇ ਕੀਤੇ ਜਾ ਰਹੇ ਹਨ। ਇਸ ਮੌਕੇ ਡਾ. ਸ਼ਰਨਜੀਤ ਸਿੰਘ ਪੁਰੇਵਾਲ, ਸਕੱਤਰ, ਹਰਦੇਵ ਸਿੰਘ ਗਿੱਲ ਜਨਰਲ ਸਕੱਤਰ, ਪਸ਼ੌਰਾ ਸਿੰਘ ਢਿੱਲੋਂ, ਕੋਆਰਡੀਨੇਟਰ, ਹਰਿੰਦਰ ਸਿੰਘ ਸਿੱਖ ਖੋਜ ਕੇਂਦਰ ਤੋਂ ਅਤੇ ਟੈਮ ਟੌਰਲੋਕਸਨ ਸਟੇਟ ਸੁਪਰਡੈਂਟ ਆਪਣੇ ਵਿਚਾਰ ਸਾਂਝੇ ਕਰਨਗੇ।



ਇਸ ਤੋਂ ਇਲਾਵਾ ਸੁਪਰਡੈਂਟ ਜੇਮਜ਼ ਯੋਵਿਨੋ, ਸੁਪਰਡੈਂਟ ਰਾਬਰਟ ਫਾਉਟੋ, ਪ੍ਰਿੰਸੀਪਲ ਦਵਿੰਦਰ ਸਿੱਧੂ, ਜੈਕਾਰਾ ਸੰਸਥਾ ਦੇ ਨੈਣਦੀਪ ਸਿੰਘ ਅਤੇ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਮਾਨ ਵਿਸ਼ੇਸ਼ ਤੌਰ ਤੇ ਸ਼ਾਮਲ ਹੋਣਗੇ।

ਇਸ ਉਪਰੰਤ 17 ਨਵੰਬਰ ਨੂੰ ਕਰੱ-ਦਰਜ਼ ਗੁਰੂ ਘਰ ਵਿਖੇ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ। ਭੋਗ ਉਪਰੰਤ ਉਸੇ ਸਥਾਨ ਤੇ ਹੀ 10 ਵਜੇ ਤੋਂ 2 ਵਜੇ ਦੁਪਹਿਰ ਤੱਕ 'ਅਜੋਕਾ ਅਤੇ ਸਿੱਖੀ' ਬਾਰੇ ਵਿਸ਼ੇਸ਼ ਵਿਚਰ ਗੋਸ਼ਟੀ ਦਾ ਪ੍ਰਬੰਧ ਕੀਤਾ ਜਾਵੇਗਾ।

ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਇਸ ਅਖੰਡ ਪਾਠ ਸਾਹਿਬ ਦੀ ਸੇਵਾ ਚਰਨਜੀਤ ਸਿੰਘ ਬਾਠ ਦੇ ਪਰਿਵਾਰ ਵੱਲੋਂ ਕਰਵਾਈ ਜਾਵੇਗੀ।

ਸਭ ਮਾਈ-ਭਾਈ ਨੂੰ ਬੇਨਤੀ ਹੈ ਕਿ ਇਹਨਾਂ ਵਿਸ਼ੇਸ਼ ਪ੍ਰੋਗਰਾਮਾਂ ਵਿਚ ਵੱਧ ਤੋਂ ਵੱਧ ਹਾਜ਼ਰੀ ਲਵਾਉਣ, ਕਿਉਂਕਿ ਇਹ ਸਿੱਖ ਕੌਮ ਦੀ ਅਲੱਵ ਹੋਂਦ ਦਾ ਉਪਰਾਲਾ ਹੈ ਤੇ ਇਸ ਦਾ ਮਕਸਦ ਵੱਧ ਤੋਂ ਵੱਧ ਗੈਰ ਸਿੱਖ ਅਮਰੀਕਨ ਲੋਕਾਂ ਨੂੰ ਸਿੱਖ ਧਰਮ ਤੇ ਸਿੱਖਾਂ ਬਾਰੇ ਜਾਗਰੂਕ ਕਰਨਾ ਹੈ ਤੇ ਸਾਡਾ-ਤੁਹਾਡਾ ਸਭ ਦਾ ਫਰਜ਼ ਬਣਦਾ ਹੈ ਕਿ ਇਸ ਪ੍ਰੋਗਰਾਮ ਵਿਚ ਵੱਧ ਤੋਂ ਵੱਧ ਸ਼ਾਮਲ ਹੋਣ।

ਅਜਿਹੇ ਉਪਰਾਲੇ ਅਜੋਕੇ ਸਮੇਂ ਦੀ ਸਖਤ ਜ਼ਰੂਰਤ ਹਨ ਅਤੇ ਸਮੁੱਚੀ ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆ ਇਸ ਤਰ੍ਹਾਂ ਦੇ ਉਪਰਾਲਿਆਂ ਲਈ ਵਧਾਈ ਦੀ ਪਾਤਰ ਹੈ।

ਉਪਰੋਕਤ ਪ੍ਰੋਗਰਾਮਾਂ ਸਬੰਧੀ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਪਸ਼ੌਰਾ ਸਿੰਘ ਢਿੱਲੋਂ 559-708-4399, ਹਰਦੇਵ ਸਿੰਘ ਗਿੱਲ 559-860-9540, ਡਾ. ਸ਼ਰਨਜੀਤ ਸਿੰਘ ਪੁਰੇਵਾਲ 559-246-6204 ਜਾਂ ਗੁਰਦੇਵ ਸਿੰਘ ਮੁਹਾੜ ਨਾਲ 559-917-9330 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪ੍ਰਸਿੱਧ ਕਵੀ ਸੁਖਦੇਵ ਸਿੰਘ ਗੰਢਵਾਂ ਅਤੇ ਸ਼ਾਇਰ ਮਨੋਜ ਫਗਵਾੜਵੀ ਨੂੰ ਸਾਹਿਤ ਵਿੱਚ ਕੀਤੀ ਗਈ ਵਿਸ਼ੇਸ਼ ਸੇਵਾ ਲਈ ਸਨਮਾਨਿਤ

ਫਗਵਾੜਾ (ਬੀ.ਕੇ.ਰੱਤੂ) ਕੋਮਲ ਕਲਾਵਾਂ ਸਾਹਿਤਕ ਅਤੇ ਸਭਿਆਚਾਰਕ ਸੰਸਥਾ, ਫਗਵਾੜਾ ਵਲੋਂ ਸ਼੍ਰੀ ਹਰਚਰਨ ਭਾਰਤੀ ਦੀ ਪ੍ਰਧਾਨਗੀ ਹੇਠ, ਭਾਣੋਕੀ ਰੋਡ, ਫਗਵਾੜਾ ਵਿਖੇ ਇੱਕ ਹੰਗਾਮੀ ਮੀਟਿੰਗ ਕੀਤੀ ਗਈ ਜਿਸ ਵਿੱਚ ਪ੍ਰਮੁੱਖ ਲੇਖਕਾਂ ਨੇ ਹਿੱਸਾ ਲਿਆ। ਇਸ ਮੌਕੇ ਸੰਤ ਸ਼੍ਰੀਮਾਨ ਪ੍ਰੇਮ ਸਿੰਘ ਵੈਲਫੇਅਰ ਸੁਸਾਇਟੀ, ਬੇਗੋਵਾਲ ਦੇ 25ਵੇਂ ਸਾਲਾਨਾ ਸਮਾਗਮ ਵਿਖੇ ਪ੍ਰਸਿੱਧ ਕਵੀ ਸੁਖਦੇਵ ਸਿੰਘ ਗੰਢਵਾਂ ਅਤੇ ਸ਼ਾਇਰ ਮਨੋਜ ਫਗਵਾੜਵੀ ਨੂੰ ਸਾਹਿਤ ਵਿੱਚ ਕੀਤੀ ਗਈ ਵਿਸ਼ੇਸ਼ ਸੇਵਾ ਲਈ ਸਨਮਾਨਿਤ ਹੋਣ ਤੇ ਬਹੁਤ ਵਧਾਈ ਦਿੱਤੀ ਗਈ। ਇਸ ਮੌਕੇ ਸ਼ਲਾਘਾ ਕਰਦਿਆਂ ਸੰਸਥਾ ਦੇ ਮੈਂ-ਬਰਾਂ ਨੇ ਆਪਣੇ ਮੈਂਬਰਾਂ ਦੇ ਹੋਏ ਵਿਸ਼ੇਸ਼ ਸਨਮਾਨ ਨੂੰ ਆਪਣਾ ਸਤਿਕਾਰ ਹੋਣਾ ਮੰਨਿਆ। ਇਸ ਨਾਲ ਜਿੱਥੇ ਕੋਮਲ ਕਲਾਵਾਂ ਜੱਥੇਬੰਦੀ ਦੀ ਪਹਿਚਾਣ ਸਾਹਿਤਿਕ ਖੇਤਰ ਵਿੱਚ ਹੋਰ ਵਧੀ ਹੈ ਉਥੇ ਨਵੇਂ ਸ਼ਾਇਰਾਂ ਅਤੇ ਕਵੀਆਂ ਵਾਸਤੇ ਇਹ ਕਵੀ ਅਤੇ ਸ਼ਾਇਰ ਪ੍ਰੇਰਣਾ ਸ੍ਰੋਤ ਬਣੇ ਹਨ। ਸਮਾਗਮ ਦੇ ਸਮੇਂ ਹਾਜ਼ਰ ਇੰਸਪੈਕਟਰ ਰਣਵੀਰ ਸਿੰਘ, ਡਾ. ਕਰਮਜੀਤ ਸਿੰਘ ਨਡਾਲਾ ਤੇ ਰਿਟਾਰਿਡ ਡੀ.ਐਫ.ਐਸ.ਓ ਆਦਿ ਦਾ ਹਰਮਿੰਦਰ ਸਿੰਘ ਵਿਰਦੀ ਵਲੋਂ ਧੰਨਵਾਦ ਕੀਤਾ।


# Sam's Auto Repair & Services

**Professional Auto Repairs & Services**

**BRAKE & LAMP INSPECTION**

**Domestic & Foreign Cars**

**STAR CERTIFIED TEST & REPAIR STATION**

* ਅਸੀਂ ਇਸ ਬਿਜ਼ਨਿਸ ਵਿਚ ਲੱਗਭੱਗ 25 ਸਾਲ ਤੋਂ ਹਾਂ

* ਜੇਕਰ ਤੁਹਾਡੀ ਵਹੀਕਲ ਦਾ ਸਮੋਗ ਟੈਸਟ ਨਹੀਂ ਪਾਸ ਹੁੰਦਾ ਤਾਂ ਤੁਸੀਂ ਇੱਥੋਂ "CAP CONSUMER ASSITANT PROGRAM" ਪ੍ਰੋਗਰਾਮ ਤਹਿਤ ਤੁਹਾਡੀ ਵਹੀਕਲ ਠੀਕ ਕਰਨ ਲਈ $500.00 ਤੱਕ ਸਟੇਟ ਮਦਦ ਕਰਦੀ ਹੈ

* ਜੇਕਰ ਤੁਸੀਂ ਆਪਣੀ ਪੁਰਾਣੀ ਵਹੀਕਲ ਰਿਟਾਇਰ ਕਰਨੀ ਚਾਹੁੰਦੇ ਹੋ ਤਾਂ ਸਟੇਟ ਤੁਹਾਨੂੰ $1000 ਤੋਂ $1500 ਤੱਕ ਦਿੰਦੀ ਹੈ।

* ਹੋਰ ਵਧੇਰੇ ਜਾਣਕਾਰੀ ਹਾਸਲ ਕਰਨ ਲਈ ਤੁਸੀਂ ਸਾਡੇ ਨਾਲ ਅੰਗਰੇਜ਼ੀ ਤੋਂ ਇਲਾਵਾ ਪੰਜਾਬੀ ਅਤੇ ਹਿੰਦੀ ਵਿਚ ਗੱਲ ਕਰ ਸਕਦੇ ਹੋ।

**649 West Elkhorn Blvd, Suite B**

**Rio Linda, CA 95673**

**(916) 992-9004**


### ਲੁਧਿਆਣਾ ’ਚ ਦਲਿਤ ਆਗੂਆਂ ਤੇ ਦਰਜ ਝੂਠੇ ਪਰਚੇ ਰੱਦ ਕਰਵਾਉਣ ਲਈ ਅੰਬੇਡਕਰ ਸੈਨਾ ਨੇ ਮਾਨਯੋਗ ਗਵਰਨਰ ਪੰਜਾਬ ਨੂੰ ਏ. ਡੀ.ਸੀ. ਰਾਹੀਂ ਭੇਜਿਆ ਮੰਗ ਪੱਤਰ

## ਦਲਿਤ ਜਥੇਬੰਦੀਆਂ ਸੰਘਰਸ਼ ਕਰਨ ਲਈ ਮਜ਼ਬੂਰ ਹੋਣਗੀਆਂ- ਢੰਡਾ, ਲੱਖਪੁਰ

ਫਗਵਾੜਾ- (ਬੀ. ਕੇ. ਰੱਤੂ) ਅੰਬੇਡਕਰ ਸੈਨਾ ਪੰਜਾਬ ਦਾ ਇੱਕ ਵਫ਼ਦ ਏ.ਡੀ.ਸੀ. ਐਸ.ਕੇ. ਸਿੰਗਲਾ ਨੂੰ ਉਨ੍ਹਾਂ ਦੇ ਦਫ਼ਤਰ ਵਿਖੇ ਸੂਬਾ ਪ੍ਰਧਾਨ ਸੁਰਿੰਦਰ ਢੰਡਾ ਦੀ ਅਗਵਾਈ ਹੇਠ ਮਿਲਿਆ। ਵਫ਼ਦ ਨੇ ਇੱਕ ਮੰਗ ਪੱਤਰ ਮਾਨਯੋਗ ਗਵਰਨਰ ਪੰਜਾਬ ਦੇ ਨਾਂ ਏ.ਡੀ.ਸੀ. ਫਗਵਾੜਾ ਰਾਹੀਂ ਭੇਜ ਕੇ ਮੰਗ ਕੀਤੀ ਕਿ ਪਿਛਲੇ ਦਿਨੀਂ ਦਲਿਤ ਸਮਾਜ ਦੇ ਆਗੂ ਰਮਨਜੀਤ ਲਾਲੀ ਆਪਣੇ ਸਾਥੀਆਂ ਸਮੇਤ ਲੁਧਿਆਣਾ ਜਲੰਧਰ ਬਾਈਪਾਸ ਵਿਖੇ ਦਲਿਤ ਸਮਾਜ ਦੀਆਂ ਹੱਕੀ ਮੰਗਾਂ ਨੂੰ ਪ੍ਰਵਾਨ ਕਰਵਾਉਣ ਅਤੇ ਪੰਜਾਬ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਦੇ ਵਿਰੋਧ ’ਚ ਭੁੱਖ ਹੜਤਾਲ ਤੇ ਬੈਠੇ ਸਨ। ਜਦੋਂ ਭੁੱਖ ਹੜਤਾਲ 18 ਦਿਨ ’ਚ ਦਾਖ਼ਲ ਹੋਈ ਤਾਂ ਪੁਲਿਸ ਪ੍ਰਸ਼ਾਸਨ ਨੇ 23 ਅਕਤੂਬਰ ਨੂੰ ਪੰਜਾਬ ਸਰਕਾਰ ਦੀ ਸ਼ਹਿ ਤੇ ਭੁੱਖ ਹੜਤਾਲ ਤੇ ਬੈਠੇ ਆਗੂਆਂ ਨੂੰ ਜ਼ਬਰੀ ਚੁੱਕ ਕੇ ਬਹੁਤ ਹੀ ਮਾੜਾ ਵਤੀਰਾ ਕੀਤਾ ਅਤੇ ਇਸ ਹੜਤਾਲ ’ਚ ਸ਼ਾਮਲ ਔਰਤਾਂ ਨਾਲ ਬਦਸਲੂਕੀ ਕੀਤੀ। ਅਸੀਂ ਆਪ ਜੀ ਨੂੰ ਅੰਬੇਡਕਰ ਸੈਨਾ ਵਲੋਂ ਮੰਗ ਪੱਤਰ ਭੇਜ ਕੇ ਮੰਗ ਕਰਦੇ ਹਾਂ ਕਿ ਦਲਿਤ ਸਮਾਜ ਦੇ ਆਗੂ ਰਮਨਜੀਤ ਲਾਲੀ ਸਮੇਤ ਗ੍ਰਿਫ਼ਤਾਰ ਕੀਤੇ ਗਏ ਆਗੂਆਂ ਨੂੰ ਬਿਨ੍ਹਾਂ ਸ਼ਰਤ ਰਿਹਾਅ ਕਰਨ ਲਈ ਨਿਰਦੇਸ਼ ਦਿੱਤੇ ਜਾਣ, ਪੁਲਿਸ ਪ੍ਰਸ਼ਾਸਨ ਵਲੋਂ ਆਗੂਆਂ ਤੇ ਦਰਜ ਝੂਠੇ ਪਰਚੇ ਰੱਦ ਕੀਤੇ ਜਾਣ ਅਤੇ ਦਲਿਤ ਸਮਾਜ ਦੇ ਆਗੂਆਂ ਤੇ ਔਰਤਾਂ ਨਾਲ ਬਦਸਲੂਕੀ ਕਰਨ ਵਾਲੇ ਅਧਿਕਾਰੀਆਂ ਨੂੰ ਸਸਪੈਂਡ ਕਰਕੇ ਉਨ੍ਹਾਂ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।



ਇਸ ਮੌਕੇ ਏ. ਡੀ. ਸੀ. ਐਸ.ਕੇ. ਸਿੰਗਲਾ ਨੇ ਸੈਨਾ ਆਗੂਆਂ ਨੂੰ ਵਿਸ਼ਵਾਸ਼ ਦੁਆ ਕਿ ਇਹ ਮੰਗ ਪੱਤਰ ਫ਼ੌਰੀ ਤੌਰ ਤੇ ਮਾਨਯੋਗ ਗਵਰਨਰ ਸਾਹਿਬ ਨੂੰ ਭੇਜ ਦੇਣਗੇ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਸੁਰਿੰਦਰ ਢੰਡਾ ਤੇ ਕਮਲ ਲੱਖਪੁਰ ਨੇ ਕਿਹਾ ਕਿ ਪਿਛਲੇ ਦਿਨੀਂ ਲੁਧਿਆਣਾ ਵਿਖੇ ਦਲਿਤ ਸਮਾਜ ਦੀਆਂ ਹੱਕੀ ਮੰਗਾਂ ਮਨਾਉਣ ਅਤੇ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਖ਼ਿਲਾਫ਼ ਅਣਮਿੱਥੇ ਸਮੇਂ ਲਈ ਭੁੱਖ ਹੜਤਾਲ ਤੇ ਬੈਠੇ ਦਲਿਤ ਆਗੂ ਰਮਨਜੀਤ ਲਾਲੀ ਤੇ ਹੋਰ ਆਗੂਆਂ ਨੂੰ ਜ਼ਬਰੀ ਚੁੱਕ ਕੇ ਝੂਠੇ ਪਰਚੇ ਦਰਜ ਕਰਕੇ ਜ਼ੇਲ੍ਹ ’ਚ ਬੰਦ ਕਰਕੇ ਪੰਜਾਬ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਨੇ ਲੋਕਤੰਤਰ ਦੀ ਹੱਤਿਆ ਕੀਤੀ ਹੈ।

ਸੈਨਾ ਆਗੂਆਂ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਗ੍ਰਿਫ਼ਤਾਰ ਕੀਤੇ ਦਲਿਤ ਆਗੂਆਂ ਨੂੰ ਬਿਨ੍ਹਾਂ ਸ਼ਰਤ ਰਿਹਾਅ ਨਾ ਕੀਤਾ ਤਾਂ ਅੰਬੇਡਕਰ ਸੈਨਾ ਸਮੁੱਚੀਆਂ ਦਲਿਤ ਜੱਥੇਬੰਦੀਆਂ ਨੂੰ ਨਾਲ ਲੈ ਕੇ ਸੰਘਰਸ਼ ਵਿੱਢਣ ਲਈ ਮਜ਼ਬੂਰ ਹੋਵੇਗੀ।

## ਬਲਜਿੰਦਰ ਮਾਨ ਨੂੰ ਜ਼ਿਲ੍ਹਾ ਪੱਧਰੀ ਭਾਸ਼ਾ ਸਮੀਖਿਆ ਕਮੇਟੀ ਮੈਂਬਰ ਨਿਯੁਕਤ ਕੀਤਾ

ਮਾਹਿਲਪੁਰ- ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਤੇ ਸਾਹਿਤਕਾਰ ਬਲਜਿੰਦਰ ਮਾਨ ਨੂੰ ਪ੍ਰਮੁੱਖ ਸਕੱਤਰ ਪੰਜਾਬ ਸਰਕਾਰ ਵਲੋਂ ਪੰਜਾਬ ਰਾਜ ਭਾਸ਼ਾ ਸਮੀਖਿਆ ਤੇ ਅਮਲ ਸਬੰਧੀ ਜ਼ਿਲਾ ਪੱਧਰੀ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਹੈ।ਇਹ ਜਾਣਕਾਰੀ ਮਿਲਣ ਤੇ ਸਾਹਿਤਕਾਰਾਂ ਵਿਸ਼ੇਸ਼ ਕਰਕੇ ਬਾਲ ਸਾਹਿਤ ਲੇਖਕਾਂ ਵਲੋਂ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਸੁਰ ਸੰਗਮ ਵਿਦਿਅਕ ਟਰੱਸਟ ਦੀ ਇਕ ਮੀਟਿੰਗ ਵਿਚ ਇਸ ਵਾਸਤੇ ਪੰਜਾਬ ਸਰਕਾਰ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।ਇਸ ਮੌਕੇ ਪ੍ਰੋ.ਬਲਦੇਵ ਸਿੰਘ ਬੱਲੀ ਨੇ ਕਿਹਾ ਕਿ ਬਲਜਿੰਦਰ ਮਾਨ ਤਿੰਨ ਦਹਾਕਿਆਂ ਤੋਂ ਸਾ-ਹਤਕ ਖੇਤਰ ਵਿਚ ਨਿੱਗਰ ਯੋਗਦਾਨ ਪਾ ਰਿਹਾ ਹੈ।ਅਜ ਤਕ ਉਹ ਬਾਰਾਂ ਮੌਲਿਕ,ਪੰਜ ਦਾ ਅਨੁਵਾਦ ਅਤੇ ਅਠਾਰਾਂ ਪੁਸਤਕਾਂ ਦਾ ਸੰਪਾਦਨ ਕਰ ਚੁਕਾ ਹੈ।ਬਾਲ ਸਾਹਿਤ,ਸਿਖਿਆ ,ਸੱਭਿਆਚਾਰ,ਖੇਡਾਂ,ਭਖਦੇ ਮਸਲਿਆਂ ਤੇ ਕਾਲਮ ਲਿਖਣ ਤੋਂ ਇਲਾਵਾ ਤਿੰਨ ਸੌ ਤੋ ਵੱਧ ਪੁਸਤਕਾਂ ਦਾ ਵਿਸ਼ਲੇਸ਼ਣ ਕਰ ਚੁਕਾ ਹੈ।ਉਹ ਪੰਜਾਬੀ ਵਿਚ ਛਪਣ ਵਾਲੇ ਇਕੋ ਇਕ ਬਾਲ ਰਸਾਲੇ 'ਨਿੱਕੀਆਂ ਕਰੂੰਬਲਾਂ' ਦਾ 18 ਸਾਲਾਂ ਤੋਂ ਨਿਰੰਤਰ ਸੰਪਾਦਨ ਕਰਦਾ ਆ ਰਿਹਾ ਹੈ।ਇਸਤੋਂ ਪਹਿਲਾਂ ਉਸਨੂੰ ਹਰਿਆਣਾ ਪੰਜਾਬੀ ਸਾਹਿਤ ਅਕੈਡਮੀ ਆਪਣਾ ਜੱਜ ਨਿਯੁਕਤ ਕਰ ਚੁਕੀ ਹੈ।



13 ਮੈਂਬਰੀ ਕਮੇਟੀ ਦੇ ਚੇਅਰਮੈਨ ਸੋਹਣ ਸਿੰਘ ਠੰਡਲ ਮੁੱਖ ਸੰਸਦੀ ਸਕੱਤਰ ਪੰਜਾਬ,ਗੜ੍ਹਸ਼ੰਕਰ ਦੇ ਵਿਧਾਇਕ ਸੁਰਿੰਦਰ ਸਿੰਘ ਭੁਲੇਵਾਲ ਰਾਠਾਂ, ਸੁਖਵਿੰਦਰ ਕੌਰ ਜ਼ਿਲਾ ਸਿਖਿਆ ਅਫਸਰ, ਅਮਰਜੀਤ ਕੌਰ ਜ਼ਿਲਾ ਭਾਸ਼ਾ ਅਫਸਰ, ਸਾਹਿਤ ਅਕਾਦਮੀ ਪੁਰਸਕਾਰ ਜੇਤੂ ਕਮਲਜੀਤ ਨੀਲੋਂ, ਮਨਮੋਹਨ ਸਿੰਘ ਦਾਊਂ, ਡਾ. ਦਰਸ਼ਨ ਸਿੰਘ ਆਸ਼ਟ, ਡਾ. ਨਿਰਮਲ ਜੌੜਾ ਡਾਇਰੈਕਟਰ ਪੀ. ਯੂ. ਚੰਡੀਗੜ੍ਹ, ਡਾ ਚਰਨਜਤਿ ਸਿੰਘ ਨਾਭਾ, ਕੌਮੀ ਪੁਰਸਕਾਰ ਜੇਤੂ ਅਧਿਆਪਕ ਤੇ ਸਾਹਿਤਕਾਰ ਕਰਮਜੀਤ ਸਿੰਘ ਗਰੇਵਾਲ, ਪਰਮਜੀਤ ਸਿੰਘ ਮਿੰਟੂ, ਜਗਦੇਵ ਸਿੰਘ ਜੱਸੋਵਾਲ, ਪ੍ਰੋ ਗੁਰਭਜਨ ਗਿੱਲ ਪ੍ਰਧਾਨ ਸਾਹਿਤ ਅਕੈਡਮੀ ਨੇ ਬਲਜਿੰਦਰ ਮਾਨ ਨੂੰ ਵਿਸ਼ੇਸ਼ ਵਧਾਈ ਦਿੰਦਿਆਂ ਪੰਜਾਬੀ ਭਾਸ਼ਾ ਲਈ ਹੋਰ ਨਰੋਏ ਕਾਰਜ ਕਰਨ ਦੀ ਉਮੀਦ ਪ੍ਰਗਟ ਕੀਤੀ।ਇਸ ਕਮੇਟੀ ਦੇ ਕਨ-ਵੀਨਰ ਜ਼ਿਲਾ ਭਾਸ਼ਾ ਅਫਸਰ ਅਤੇ ਮੈਂਬਰਾਂ ਵਿਚ ਜ਼ਿਲੇ ਦੇ ਡਿਪਟੀ ਕਮਿਸ਼ਨਰ ਸ਼ਾਮਲ ਜਨ।ਇਸ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਬੱਗਾ ਸਿੰਘ ਆਰਟਿਸਟ, ਕੁਲਵਿੰਦਰ ਕੌਰ ਰੂਹਾਨੀ, ਸਰਵਣ ਰਾਮ ਭਾਟੀਆ, ਗੁਰਦੇਵ ਸਿੰਘ, ਮਨਜੀਤ ਕੌਰ, ਕੁਲਦੀਪ ਕੌਰ ਬੈਂਸ ਆਦਿ ਹਾਜ਼ਰ ਸਨ।

# Kash FABRICS

## ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

### ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ


ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵੀਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



BRIDAL
BOUTIQUE
JEWELRY



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

## KASH FABRICS

ONE STOP SHOPPING CENTER

29576 Mission Blvd, Hayward, CA 94544


Visit us on the Web at www.kashfabrics.com

**Phone: 510-538-1138**



ਬੰਦੀ ਛੋੜ ਦਿਵਸ ਤੇ ਯੂਬਾ ਸਿਟੀ ਦੇ 34ਵੇਂ ਸਾਲਾਨਾ ਮਹਾਨ ਨਗਰ ਕੀਰਤਨ ਦੀਆਂ


## ਲੱਖ-ਲੱਖ ਮੁਬਾਰਕਾਂ



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

# INDIA MARKET

## ਯੂਬਾ ਸਿਟੀ ਦੇ 34ਵੇਂ ਸਾਲਾਨਾ ਮਹਾਨ ਨਗਰ ਕੀਰਤਨ ਦੀਆਂ ਲੱਖ-ਲੱਖ ਮੁਬਾਰਕਾਂ




ਕਸ਼ਮੀਰ ਸਿੰਘ ਹੀਰਾ



ਗੁਰਪਾਲ ਬੰਗੜ



We have the largest collection of indian, fijian and pakistani grocery, music, fabric, artificial jewelery and sweets.Fresh vegitable are available here. We do take EBT card.

**5202 Elkhorn Blvd.**
**Sacramento, CA 95842**

WE ACCEPT
FOOD STAMPS
For more information
Call Us :
916-338-5511

**1265 Pleasant Grove Blvd. # 100**
**Roseville, California 95747**




# ਯੂਬਾ ਸਿਟੀ ਦੇ 34ਵੇਂ ਸਾਲਾਨਾ ਮਹਾਨ ਨਗਰ ਕੀਰਤਨ ਦੀਆਂ

## ਲੱਖ ਲੱਖ ਵਧਾਈਆਂ





**Raja™ SWEETS & CATERING®**

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Toll Free 1-866-FOR-RAJA
www.rajasweets.com
msbains@rajasweets.com

Follow us on:

Fresh Sweets, Snacks & Food
Catering for All occasions up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345



**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।




Call Makhan Bains or Ravinder Singh for your next Party 1-866-FOR RAJA www.RajaSweets.com